# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 20 ਮਾਰਚ, 2017 (ਸੋਮਵਾਰ) ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।**

**ਹਾਜ਼ਰ:**

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ,
   ਪ੍ਰਿੰਸੀਪਲ, ਐਸ.ਆਰ. ਸਰਕਾਰੀ ਕਾਲਜ (ਲੜਕੀਆਂ),
   ਅੰਮ੍ਰਿਤਸਰ।
   (ਨੁਮਾਇੰਦਾ, ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ)
3. ਡਾ. ਨਵਦੀਪ ਸਿੰਘ ਤੁੰਗ,
   ਡੀਨ, ਅਕਾਦਮਿਕ ਮਾਮਲੇ।
4. ਡਾ. ਰੇਨੂੰ ਬਾਲਾ,
   ਡੀਨ, ਲੈਂਗੂਏਜਿਜ਼ ਫੈਕਲਟੀ।
5. ਡਾ. ਅਵਿਨਾਸ਼ ਕੌਰ ਨਾਗਪਾਲ,
   ਡੀਨ, ਲਾਈਫ ਸਾਇੰਸਜ਼ ਫੈਕਲਟੀ।
6. ਡਾ. (ਮਿਸਿਜ਼) ਸੁਨਿੰਦਰ ਤੁੰਗ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ।
7. ਡਾ. ਹਰਬੀਰ ਸਿੰਘ ਮਾਣਕੂ,
   ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਅੰਗਰੇਜ਼ੀ ਵਿਭਾਗ।
8. ਡਾ. ਪੈਮੀ ਮਨਚੰਦਾ,
   ਪ੍ਰੋਫੈਸਰ ਅਤੇ ਮੁਖੀ, ਗਣਿਤ ਵਿਭਾਗ।
9. ਡਾ. ਸੁਰਿੰਦਰ ਪਾਲ ਕੌਰ ਢਿੱਲੋਂ,
   ਪ੍ਰਿੰਸੀਪਲ, ਖਾਲਸਾ ਕਾਲਜ ਆਫ ਐਜੂਕੇਸ਼ਨ, ਅੰਮ੍ਰਿਤਸਰ।
10. ਡਾ.(ਮਿਸਿਜ਼) ਸਰੋਜ ਭੱਲਾ,
    ਪ੍ਰਿੰਸੀਪਲ, ਡੀ.ਏ.ਐਨ. ਕਾਲਜ ਆਫ ਐਜੂਕੇਸ਼ਨ, ਨਵਾਂ-ਸ਼ਹਿਰ।
11. ਸ਼੍ਰੀਮਤੀ ਨੂਤਨ ਸ਼ਰਮਾ,
    ਪ੍ਰਿੰਸੀਪਲ, ਸ਼੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ, ਤਰਨ-ਤਾਰਨ।
12. ਪ੍ਰੋ. ਐਸ.ਐਸ. ਗਿੱਲ, ਮੋਹਾਲੀ।
13. ਡਾ. ਅਮਰਜੀਤ ਸਿੰਘ ਸਿੱਧੂ, ਅੰਮ੍ਰਿਤਸਰ।
14. ਡਾ. ਕਰਨਜੀਤ ਸਿੰਘ ਕਾਹਲੋਂ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ-ਡਾ. ਸੁਖਦੇਵ ਸਿੰਘ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਦੱਸਿਆ ਕਿ ਸਿੰਡੀਕੇਟ ਉੱਤੇ ਡਾ. ਰੇਨੂੰ ਬਾਲਾ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪ-ਕੁਲਪਤੀ ਜੀ ਵੱਲੋਂ ਦੱਸਿਆ ਗਿਆ ਕਿ ਡਾ. ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਰਜਿਸਟਰਾਰ ਦੀ ਟਰਮ ਪੂਰੀ ਹੋਣ ‘ਤੇ ਮਿਤੀ 3.2.2017 (ਬਾਅਦ ਦੁਪਹਿਰ) ਤੋਂ, ਉਨ੍ਹਾਂ ਦੇ ਰਿਲੀਵ ਹੋਣ ਉਪਰੰਤ ਡਾ. ਕਰਨਜੀਤ ਸਿੰਘ ਕਾਹਲੋਂ, ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ ਮਿਤੀ 3.2.2017 (ਬਾਅਦ ਦੁਪਹਿਰ) ਤੋਂ ਰਜਿਸਟਰਾਰ ਦੇ ਅਹੁਦੇ ਦਾ ਐਡੀਸ਼ਨਲ ਚਾਰਜ਼ ਸੌਂਪਿਆ ਗਿਆ ਹੈ। ਡਾ. ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਉਪ-ਕੁਲਪਤੀ ਜੀ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਡਾ. ਕਰਨਜੀਤ ਸਿੰਘ ਕਾਹਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ ਅਤੇ ਜਦੋਂ ਤੋਂ ਡਾ. ਕਾਹਲੋਂ ਨੂੰ ਰਜਿਸਟਰਾਰ ਦੇ ਅਹੁਦੇ ਦਾ ਐਡੀਸ਼ਨਲ ਚਾਰਜ਼ ਸੌਂਪਿਆ ਗਿਆ ਹੈ, ਉਦੋਂ ਤੋਂ ਹੀ ਉਹ ਆਪਣੀਆਂ ਦੋਵੇਂ ਜ਼ਿੰਮੇਵਾਰੀਆਂ ਬਾ-ਖੂਬੀ ਨਿਭਾ ਵੀ ਰਹੇ ਹਨ।

ਉਪ-ਕੁਲਪਤੀ ਜੀ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਨੇ ਮਾਣਯੋਗ ਗਵਰਨਰ, ਪੰਜਾਬ (ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੂੰ ਮਿਤੀ 8.3.2017 ਤੋਂ ਘਰੇਲੂ ਕਾਰਣਾਂ ਕਰਕੇ ਅਸਤੀਫਾ ਸੌਂਪਿਆ ਹੈ ਅਤੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਉਪ-ਕੁਲਪਤੀ ਦੇ ਅਹੁਦੇ ਤੋਂ ਮਿਤੀ 31.3.2017 ਨੂੰ ਰਿਲੀਵ ਕਰ ਦਿੱਤਾ ਜਾਵੇ। ਉਪ-ਕੁਲਪਤੀ ਜੀ ਨੇ ਕਿਹਾ ਕਿ ਉਨ੍ਹਾਂ ਨੇ ਸਾਲ 2009 ਵਿਚ ਇਹ ਯੂਨੀਵਰਸਿਟੀ ਜੁਆਇੰਨ ਕੀਤੀ ਸੀ। ਇਸ ਟਰਮ ਦੌਰਾਨ ਯੂਨੀਵਰਸਿਟੀ ਦੇ ਸਮੂਹ ਅਧਿਆਪਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਮਿਲੇ ਸਹਿਯੋਗ ਲਈ, ਉਨ੍ਹਾਂ ਸਭ ਦਾ ਧੰਨਵਾਦ ਕੀਤਾ।

ਉਪਰੰਤ ਏਜੰਡੇ ‘ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 14.12.2016 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 14.12.2016 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 14.12.2016 ਦੇ ਨਿਰਣਿਆਂ ‘ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 14.12.2016 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ ‘ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 8.2.2017 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 8.2.2017 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਡਾ. ਸ਼ਰਨਜੀਤ ਸਿੰਘ ਢਿੱਲੋਂ, ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਪੰਜਾਬ ਸਕੂਲ ਆਫ ਇਕਨਾਮਿਕਸ ਵਿਖੇ ਬਤੌਰ ਪ੍ਰੋਫੈਸਰ ਵਜੋਂ ਜੁਆਇੰਨ ਕਰਨ ਦੀ ਆਗਿਆ ਦੀ ਪੁਸ਼ਟੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਸ਼ਰਨਜੀਤ ਸਿੰਘ ਢਿੱਲੋਂ, ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਜਿਨ੍ਹਾਂ ਦੀ ਬਤੌਰ ਰਜਿਸਟਰਾਰ ਮਿਤੀ 4.2.2017 ਨੂੰ ਟਰਮ ਖਤਮ ਹੋ ਗਈ ਹੈ, ਨੂੰ ਮਿਤੀ 4.2.2017 ਨੂੰ ਸ਼ਨੀਵਾਰ ਹੋਣ ਕਰਕੇ ਮਿਤੀ 3.2.2017 (ਬਾਅਦ ਦੁਪਹਿਰ) ਤੋਂ ਪੰਜਾਬ ਸਕੂਲ ਆਫ ਇਕਨਾਮਿਕਸ ਵਿਖੇ ਬਤੌਰ ਪ੍ਰੋਫੈਸਰ ਜੁਆਇੰਨ ਕਰਨ ਦੀ ਆਗਿਆ ਦਿੱਤੀ ਹੈ।

(ਅ) ਉਕਤ (ੳ) ਅਧੀਨ ਡਾ. ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਮਿਤੀ 3.2.2017 (ਬਾਅਦ ਦੁਪਹਿਰ) ਤੋਂ ਰਜਿਸਟਰਾਰ ਦੇ ਅਹੁਦੇ ਤੋਂ ਰਿਲੀਵ ਹੋਣ ਉਪਰੰਤ ਡਾ. ਕਰਨਜੀਤ ਸਿੰਘ ਕਾਹਲੋਂ, ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ ਮਿਤੀ 3.2.2017 (ਬਾਅਦ ਦੁਪਹਿਰ) ਤੋਂ ਅਗਲੇ ਆਦੇਸ਼ਾਂ ਤੱਕ ਰਜਿਸਟਰਾਰ ਦਾ ਅਡੀਸ਼ਨਲ ਚਾਰਜ਼ ਦਿੱਤਾ ਹੈ।

**ਡਾ. ਬਲਵਿੰਦਰ ਸਿੰਘ, ਸਾਬਕਾ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਵੱਲੋਂ ਬਤੌਰ ਪ੍ਰੋਫੈਸਰ (ਮੁੜ-ਨਿਯੁਕਤ) ਵਜੋਂ ਜੁਆਇੰਨ ਨਾ ਕਰਨ ਦੀ ਬੇਨਤੀ ਦੀ ਪ੍ਰਵਾਨਗੀ ਦੀ ਪੁਸ਼ਟੀ।**

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਬਲਵਿੰਦਰ ਸਿੰਘ, ਸਾਬਕਾ ਪ੍ਰੋਫੈਸਰ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ, ਜਿਨ੍ਹਾਂ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 14.12.2016 ਦੇ ਪੈਰਾ ਨੰ: 6 ਰਾਹੀਂ ਬਤੌਰ ਪ੍ਰੋਫੈਸਰ ਵਜੋਂ ਮਿਤੀ 1.1.2017 ਤੋਂ 31.12.2018 ਤੱਕ ਮੁੜ-ਨਿਯੁਕਤ ਕੀਤਾ ਗਿਆ ਸੀ, ਦੀ ਬੇਨਤੀ ਨੂੰ ਮੁੱਖ ਰੱਖਦਿਆਂ ਮਿਤੀ 1.1.2017 ਤੋਂ ਬਤੌਰ ਪ੍ਰੋਫੈਸਰ (ਮੁੜ-ਨਿਯੁਕਤ) ਜੁਆਇੰਨ ਨਾ ਕਰਨ ਦੀ ਬੇਨਤੀ ਪ੍ਰਵਾਨ ਕੀਤੀ ਹੈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਜਾਣ ਲਈ ਕਮਾਈ ਛੁੱਟੀ/ ਡਿਊਟੀ ਲੀਵ ਦੀ ਪੁਸ਼ਟੀ।**

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਵਿਦੇਸ਼ ਜਾਣ ਲਈ ਕਮਾਈ ਛੁੱਟੀ/ ਡਿਊਟੀ ਲੀਵ ਪ੍ਰਵਾਨ ਕੀਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Amarjit Singh, Professor, Centre on Studies in Sri Guru Granth Sahib. | To attend the Seminar at Murbarg and Gurudwara Sikh Centre, Frunkfurt, Germany. | Duty Leave from 3.3.2017 to 10.3.2017 = 08 days alongwith suffix holidays 11-12.3.2017 (being Saturday and Sunday). |
| 2. | Dr. Anish Kumar Dua, Professor, Deptt. of Zoology | To Visit Hongkong. | Earned Leave from 9.3.2017 to 20.3.2017 = 12 days |

| | | | |
|---|---|---|---|
| | | | alongwith permission to leave the country from 8.3.2017 (A.N.) |
| 3. | Dr. Amardeep Kaur, Assistant Professor, Deptt. of Business Management, RC, Gurdaspur. | ToVisit USA. | Earned leave from 15.3.2017 to 14.4.2017 = 31 days. |
| 4 | Mrs. Hardeep Kaur, Assistant Professor, Deptt. of Electronics Technology. | To Visit Mauritius. | Earned Leave from 16.1.2017 to 25.1.2017. |
| 5 | Dr. Harminder Singh, Assistant Professor, Deptt. of ECE, RC, Jalandhar. | To present his paper in 156th International Conference on Metallurgy Technology and Materials (ICMTM) at Toronto, Canada w.e.f. 28-29 March, 2017. | Duty Leave from 27.3.2017 to 29.3.2017= 03 days with prefixing holidays of 25-26.3.2017 being Saturday and Sunday and Earned Leave from 30.3.2017 to 7.4.2017 = 09 days with suffixing holidays of 8-9.4.2017 being Saturday and Sunday. |

**ਸਬੰਧਤ ਅਧਿਆਪਕ ਨੂੰ ਵਿਦੇਸ਼ ਜਾਣ ਲਈ ਕਮਾਈ ਛੁੱਟੀ ਦੇਣ ਸਬੰਧੀ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਵਿਦੇਸ਼ ਜਾਣ ਲਈ ਕਮਾਈ ਛੁੱਟੀ ਪ੍ਰਵਾਨ ਕੀਤੀ ਜਾਂਦੀ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ ਅਤੇ ਵਿਭਾਗ** | **ਵੇਰਵਾ** | **ਛੁੱਟੀ ਦੀ ਮਿਤੀ** |
|---|---|---|---|
| 1. | Dr. Geeta Hundal, Professor, Deptt. of Chemistry | To go to USA and Canada to meet her daughter and relatives. | P. Leave from 22.5.2017 to 26.5.2017 = 05 days (with Prefixing holidays 20-21.5.2017 and suffixing holidays 27-28.5.2017(being Saturday and Sunday)) along with Summer Vacations. |

**ਡਾ. ਰਜਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਦੀ ਕਮਾਈ ਛੁੱਟੀ ਅਤੇ ਉਨ੍ਹਾਂ ਦੀ ਛੁੱਟੀ ਦੌਰਾਨ ਡਾ. ਹਰਦੀਪ ਸਿੰਘ ਨੂੰ ਵਿਭਾਗ ਦੇ ਮੁਖੀ ਦੀ ਜਿੰਮੇਵਾਰੀ ਸੌਂਪਣ ਦੀ ਪੁਸ਼ਟੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਰਜਿੰਦਰ ਸਿੰਘ, ਪ੍ਰੋਫੈਸਰ ਅਤੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਨੂੰ "Research & Development facilities of Data Softech Inc., NJ, USA" ਵਿਖੇ Honorary Visiting Professor, purely honorary, without any remuneration ਵਜੋਂ ਜੁਆਇੰਨ ਕਰਨ ਹਿੱਤ ਮਿਤੀ 1.3.2017 ਤੋਂ 26.5.2017 ਤੱਕ 87 ਦਿਨਾਂ ਦੀ ਕਮਾਈ ਛੁੱਟੀ (ਸਮੇਤ ਪਿਛੇਤਰੀਆਂ ਛੁੱਟੀਆਂ ਮਿਤੀ 27-28.5.2017) ਨਾਲ ਦੇਸ਼ ਛੱਡਣ ਦੀ ਆਗਿਆ ਦਿੱਤੀ ਹੈ।

(ਅ) ਉਕਤ (ੳ) ਨੂੰ ਮੁੱਖ ਰੱਖਦਿਆਂ ਡਾ. ਰਜਿੰਦਰ ਸਿੰਘ ਦੀ ਛੁੱਟੀ ਦੌਰਾਨ ਵਿਭਾਗ ਦੇ ਨਿੱਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡਾ. ਹਰਦੀਪ ਸਿੰਘ, ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਨੂੰ ਸੌਂਪੀ ਹੈ।

**ਡਾ. ਸਾਜਿਦ ਹੂਸੈਨ, ਐਸੋਸੀਏਟ ਪ੍ਰੋਫੈਸਰ, ਮਾਇਕ੍ਰੋਬਿਆਲੋਜੀ ਵਿਭਾਗ ਦੀ ਤਨਖਾਹ ਫਿਕਸ ਕਰਨ ਸਬੰਧੀ।**

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 20.9.2016 ਦੇ ਪੈਰਾ ਨੰ: 87 ਰਾਹੀਂ ਡਾ. ਸਾਜਿਦ ਹੂਸੈਨ, ਪ੍ਰੋਫੈਸਰ (who was under suspension), ਮਾਇਕ੍ਰੋਬਿਆਲੋਜੀ ਵਿਭਾਗ ਨੂੰ ਦਫਤਰੀ ਆਦੇਸ਼ ਮਿਤੀ 15.11.2016 ਜਾਰੀ ਹੋਣ ਦੀ ਮਿਤੀ ਤੋਂ ਪ੍ਰੋਫੈਸਰ ਦੀ ਅਸਾਮੀ ਤੇ Re-instate ਕੀਤਾ ਗਿਆ ਹੈ ਅਤੇ ਨਾਲ ਹੀ ਮਿਤੀ 15.11.2016 ਤੋਂ ਐਸੋਸੀਏਟ ਪ੍ਰੋਫੈਸਰ ਦੀ ਅਸਾਮੀ 'ਤੇ ਰਿਵਰਟ ਕੀਤਾ ਗਿਆ ਹੈ, ਦੀ ਹੇਠ ਲਿਖੇ ਅਨੁਸਾਰ ਤਨਖਾਹ ਫਿਕਸ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. ਡਾ. ਸਾਜਿਦ ਹੂਸੈਨ, ਐਸੋਸੀਏਟ ਪ੍ਰੋਫੈਸਰ, ਮਾਇਕ੍ਰੋਬਿਆਲੋਜੀ ਵਿਭਾਗ ਦੀ ਤਨਖਾਹ ਮਿਤੀ 15.11.2016 ਨੂੰ 53420+9000=62420/- ਰੁਪਏ ਫਿਕਸ ਕੀਤੀ ਜਾਵੇ।
2. ਡਾ. ਸਾਜਿਦ ਹੂਸੈਨ, ਐਸੋਸੀਏਟ ਪ੍ਰੋਫੈਸਰ, ਮਾਇਕ੍ਰੋਬਿਆਲੋਜੀ ਵਿਭਾਗ ਦੀ ਪ੍ਰੋਫੈਸਰ ਵਜੋਂ ਦਿੱਤੀ ਗਈ ਤਨਖਾਹ 'ਤੇ ਕੋਈ ਰਿਕਵਰੀ ਨਾ ਕੀਤੀ ਜਾਵੇ।

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੇਣ ਸਬੰਧੀ।**

10. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ ਅਤੇ ਵਿਭਾਗ** | **ਕਾਨਫਰੰਸ ਬਾਰੇ ਵੇਰਵਾ** |
|---|---|---|
| 1. | Dr. Ashwani Luthra, Professor, Guru Ramdass School of Planning, | To attend 2nd International Conference on Energy, Environment and Climate Change to be held in Mauritius from 5th to 7th July, 2017. |

**ਡਾ. ਤਰਲੋਕ ਸਿੰਘ ਬੈਨੀਪਾਲ, ਪ੍ਰੋਫੈਸਰ ਦੀ ਡਾਇਰੈਕਟਰ ਰਿਸਰਚ ਦੀ ਅਸਾਮੀ ਤੋਂ ਅਸਤੀਫੇ ਦੀ ਪੁਸ਼ਟੀ ਅਤੇ ਨੋਟਿਸ ਪੀਰੀਅਡ ਤੋਂ ਛੋਟ ਦੀ ਪ੍ਰਵਾਨਗੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਤਰਲੋਕ ਸਿੰਘ ਬੈਨੀਪਾਲ, ਪ੍ਰੋਫੈਸਰ ਦਾ ਡਾਇਰੈਕਟਰ ਰਿਸਰਚ ਦੀ ਅਸਾਮੀ ਤੋਂ ਮਿਤੀ 2.3.2017 (ਬਾਅਦ ਦੁਪਹਿਰ) ਤੋਂ ਅਸਤੀਫਾ ਪ੍ਰਵਾਨ ਕੀਤਾ ਹੈ ਅਤੇ ਉਨ੍ਹਾਂ ਨੂੰ ਕੈਮਿਸਟਰੀ ਵਿਭਾਗ (Parent deptt.) ਵਿਖੇ ਮਿਤੀ 3.3.2017 (ਦੁਪਹਿਰ ਤੋਂ ਪਹਿਲਾਂ) ਤੋਂ ਬਤੌਰ ਪ੍ਰੋਫੈਸਰ ਡਿਊਟੀ ਜੁਆਇੰਨ ਕਰਨ ਦੀ ਆਗਿਆ ਦਿੱਤੀ ਹੈ।

(ਅ) ਉਕਤ (ੳ) ਨੂੰ ਮੁੱਖ ਰੱਖਦਿਆਂ ਡਾ. ਤਰਲੋਕ ਸਿੰਘ ਬੈਨੀਪਾਲ ਨੂੰ ਡਾਇਰੈਕਟਰ ਰਿਸਰਚ ਦੀ ਅਸਾਮੀ ਤੋਂ ਅਸਤੀਫਾ ਦੇਣ ਸਬੰਧੀ ਨੋਟਿਸ ਪੀਰੀਅਡ ਤੋਂ ਛੋਟ ਦਿੱਤੀ ਜਾਂਦੀ ਹੈ।

**ਡਾ. ਰਮਨਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਦੇ ਅਸਤੀਫੇ ਅਤੇ ਨੋਟਿਸ ਪੀਰੀਅਡ ਤੋਂ ਛੋਟ ਦੇਣ ਦੀ ਪ੍ਰਵਾਨਗੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਡਾ. ਰਮਨਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਦੀ ਬੇਨਤੀ ਮਿਤੀ 6.1.2017 ਨੂੰ ਮੁੱਖ ਰੱਖਦਿਆਂ ਮਿਤੀ 25.2.2017 (ਦੁਪਹਿਰ ਤੋਂ ਪਹਿਲਾਂ) ਤੋਂ, ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕੀਤਾ ਜਾਂਦਾ ਹੈ।

(ਅ) ਉਕਤ (ੳ) ਨੂੰ ਮੁੱਖ ਰੱਖਦਿਆਂ ਡਾ. ਰਮਨਦੀਪ ਕੌਰ ਨੂੰ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੇ ਸਮੇਂ ਤੋਂ ਘਟਦੇ 40 ਦਿਨ ਦੇ ਸਮੇਂ ਤੋਂ ਛੋਟ ਦਿੱਤੀ ਜਾਂਦੀ ਹੈ।

**ਸਬੰਧਤ ਅਧਿਕਾਰੀਆਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ/ ਮੁੜ-ਨਿਯੁਕਤੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਮਨਜੀਤ ਸਿੰਘ, ਸਹਾਇਕ ਰਜਿਸਟਰਾਰ (ਮੁੜ-ਨਿਯੁਕਤ), ਲੇਖਾ ਸ਼ਾਖਾ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 31.3.2017 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2017 ਤੋਂ 31.3.2018 ਤੱਕ, ਇਕ ਸਾਲ ਲਈ ਪਹਿਲੀਆਂ ਹੀ ਸ਼ਰਤਾਂ ਅਤੇ ਬਾਨ੍ਹਾਂ ਦੇ ਆਧਾਰ ‘ਤੇ ਵਾਧਾ ਕੀਤਾ ਜਾਂਦਾ ਹੈ।

(ਅ) ਸ਼੍ਰੀ ਸੁਖਵਿੰਦਰ ਸਿੰਘ, ਨਿਗਰਾਨ, ਰਜਿਸਟਰਾਰ ਦਫਤਰ, ਜੋ ਮਿਤੀ 31.3.2017 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਮਿਤੀ 1.4.2017 ਤੋਂ ਇਕ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ ‘ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

(ੲ) ਸ਼੍ਰੀ ਕਰਨੈਲ ਸਿੰਘ ਵਿਰਦੀ, ਤਕਨੀਕੀ ਸਲਾਹਕਾਰ-ਕਮ-ਨਿਗਰਾਨ ਇੰਜੀਨੀਅਰ, ਉਸਾਰੀ ਵਿਭਾਗ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 15.3.2017 ਨੂੰ ਖਤਮ ਹੋ ਗਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਇਕ ਸਾਲ ਲਈ, 15,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਪਹਿਲੀਆਂ ਹੀ ਸ਼ਰਤਾਂ ਅਤੇ ਬਾਨ੍ਹਾਂ ਦੇ ਆਧਾਰ ‘ਤੇ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਕਰਮਚਾਰੀਆਂ ਦੀ ਮੁੜ-ਨਿਯੁਕਤੀ/ ਨਿਯੁਕਤੀ ਦੀ ਮਿਆਦ ਵਿਚ ਵਾਧਾ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਅਮਰਨਾਥ ਸੂਰਜ, ਸਾਬਕਾ ਪ੍ਰੋਫੈਸ਼ਨਲ ਸਹਾਇਕ (ਮੁੜ-ਨਿਯੁਕਤ), ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ), ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 2.4.2017 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਡਿਊਟੀ ਜੁਆਇੰਨ ਕਰਨ ਦੀ ਮਿਤੀ ਤੋਂ ਮਿਤੀ 30.9.2017 ਤੱਕ, 10,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਸ਼ਰਤਾਂ ਅਤੇ ਬਾਨ੍ਹਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

(ਅ) ਸ਼੍ਰੀ ਸੁਰਿੰਦਰ ਪਾਲ, ਆਫਿਸ ਕਲਰਕ (ਕੰਟ੍ਰੈਕਟ), ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ (ਨਵਾਂ ਸ਼ਹਿਰ), ਜਿਸ ਦੀ ਨਿਯੁਕਤੀ ਦੀ ਮਿਆਦ ਮਿਤੀ 20.3.2017 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ 20,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਸ਼ਰਤਾਂ ਅਤੇ ਬਾਨ੍ਹਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

(ੲ) ਸ਼੍ਰੀ ਮਨਜੀਤ ਸਿੰਘ, ਬਾਸਕੇਟਬਾਲ ਕੋਚ, ਫਿਜ਼ੀਕਲ ਐਜੂਕੇਸ਼ਨ (ਏ.ਟੀ.), ਜਿਸ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 19.3.2017 ਨੂੰ ਖਤਮ ਹੋ ਗਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 20.3.2017 (working day) ਦੀ ਬ੍ਰੇਕ ਦਿੰਦੇ ਹੋਏ ਮਿਤੀ 21.3.2017 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਰੈਗੂਲਰ ਤੌਰ 'ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਸ਼ਰਤਾਂ ਅਤੇ ਬਾਨ੍ਹਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

**ਸ਼੍ਰੀ ਰਾਮ ਸਿੰਘ, ਵਾਚ ਐਂਡ ਵਾਰਡ ਸੁਪਰਵਾਈਜ਼ਰ, ਸੁਰੱਖਿਆ ਵਿਭਾਗ ਦੇ ਗ੍ਰੇਡ ਪੇਅ ਵਿਚ ਸੋਧ ਦੀ ਪ੍ਰਵਾਨਗੀ।**

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਰਾਮ ਸਿੰਘ, ਵਾਚ ਐਂਡ ਵਾਰਡ ਸੁਪਰਵਾਈਜ਼ਰ, ਸੁਰੱਖਿਆ ਵਿਭਾਗ ਦੇ ਨਿਯੁਕਤੀ ਪੱਤਰ ਵਿਚ ਰੁਪਏ 1900/- ਗ੍ਰੇਡ ਪੇਅ ਦੀ ਜਗ੍ਹਾ ਰੁਪਏ 2000/- ਗ੍ਰੇਡ ਪੇਅ ਦੀ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਅਧਿਕਾਰੀ/ ਕਰਮਚਾਰੀਆਂ ਦੀ ਨਿਯੁਕਤੀ ਦੀ ਮਿਆਦ/ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ਼੍ਰੀ ਮਹਿੰਦਰਜੀਤ ਸਿੰਘ, ਆਰਕੀਟੈਕਟ, ਉਸਾਰੀ ਵਿਭਾਗ, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 31.1.2017 ਨੂੰ ਖਤਮ ਹੋ ਗਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2017 ਤੋਂ 31.1.2018 ਤੱਕ, ਇਕ ਸਾਲ ਲਈ ਪਹਿਲੇ ਮਿੱਥੇ ਮਾਣਭੱਤੇ (12000 ਰੁਪਏ + 10.3% ਸਰਵਿਸ ਟੈਕਸ ਪ੍ਰਤੀ ਮਹੀਨਾ) ਅਤੇ ਪਹਿਲੀਆਂ ਹੀ ਸ਼ਰਤਾਂ ਅਤੇ ਬਾਨ੍ਹਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

(ਅ) ਸ਼੍ਰੀ ਸਤਨਾਮ ਸਿੰਘ, ਪਲੰਬਰ (ਮੁੜ-ਨਿਯੁਕਤ), ਉਸਾਰੀ ਵਿਭਾਗ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 1.1.2017 ਨੂੰ ਖਤਮ ਹੋ ਗਈ ਹੈ, ਦੀ

ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 3.1.2017 ਤੋਂ 89 ਦਿਨਾਂ ਲਈ ਜਾਂ ਇਹ ਅਸਾਮੀ ਬਕਾਇਦਾ ਪੱਕੇ ਤੌਰ ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਕੰਟ੍ਰੈਕਟ ਆਧਾਰ ‘ਤੇ 10,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਪਹਿਲੀਆਂ ਹੀ ਸ਼ਰਤਾਂ ਅਤੇ ਬਾਨ੍ਹਾਂ ਦੇ ਆਧਾਰ ‘ਤੇ ਵਾਧਾ ਕੀਤਾ ਹੈ।

ਉਸਦੀ ਇਹ ਨਿਯੁਕਤੀ ਡਿਊਟੀ ਜੁਆਇੰਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

(ੲ) ਸ਼੍ਰੀ ਅਜੀਤ ਸਿੰਘ, ਮੇਸਨ ਗ੍ਰੇਡ-1 (ਮੁੜ-ਨਿਯੁਕਤ), ਉਸਾਰੀ ਵਿਭਾਗ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 4.1.2017 ਨੂੰ ਖਤਮ ਹੋ ਗਈ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 6.1.2017 ਤੋਂ 89 ਦਿਨਾਂ ਲਈ ਜਾਂ ਇਹ ਅਸਾਮੀ ਬਕਾਇਦਾ ਪੱਕੇ ਤੌਰ ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਕੰਟ੍ਰੈਕਟ ਆਧਾਰ ‘ਤੇ 10,000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਪਹਿਲੀਆਂ ਹੀ ਸ਼ਰਤਾਂ ਅਤੇ ਬਾਨ੍ਹਾਂ ਦੇ ਆਧਾਰ ‘ਤੇ ਵਾਧਾ ਕੀਤਾ ਹੈ।

ਉਸਦੀ ਇਹ ਨਿਯੁਕਤੀ ਡਿਊਟੀ ਜੁਆਇੰਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

**ਸ਼੍ਰੀ ਮੋਹਿੰਦਰਬੀਰ ਸਿੰਘ, ਸਾਬਕਾ ਕੰਟਰੋਲਰ (ਪ੍ਰੀਖਿਆਵਾਂ) ਨੂੰ ਰੀਵਾਈਜ਼ਡ ਯੂ.ਜੀ.ਸੀ. ਤਨਖਾਹ ਸਕੇਲ ਦੇਣ ਦੀ ਪ੍ਰਵਾਨਗੀ।**

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਮੋਹਿੰਦਰਬੀਰ ਸਿੰਘ, ਸਾਬਕਾ ਕੰਟਰੋਲਰ (ਪ੍ਰੀਖਿਆਵਾਂ) ਵੱਲੋਂ ਪ੍ਰਾਪਤ ਬੇਨਤੀ ਪੱਤਰ ਮਿਤੀ 19.4.2006 ਜਿਸ ‘ਤੇ ਉਪ-ਕੁਲਪਤੀ ਜੀ ਦੇ ਆਦੇਸ਼ ਮਿਤੀ 20.4.2016 ਅਨੁਸਾਰ ਕਾਨੂੰਨੀ ਰਾਏ ਪ੍ਰਾਪਤ ਕੀਤੀ ਗਈ ਹੈ, ਸ਼੍ਰੀ ਮੋਹਿੰਦਰਬੀਰ ਸਿੰਘ ਨੂੰ ਮਿਤੀ 1.1.1996 ਤੋਂ ਰੀਵਾਈਜ਼ਡ ਯੂ.ਜੀ.ਸੀ. ਤਨਖਾਹ ਸਕੇਲ ਰੁਪਏ 16400-450-20900-500-22400 ਦੇਣ ਤੇ ਉਸ ਉਪਰੰਤ ਉਸਦੀ ਤਨਖਾਹ ਅਤੇ ਰਿਟਾਇਰਮੈਂਟ ਲਾਭ ਰੀਵਾਈਜ਼ ਕਰਨ ਸਬੰਧੀ ਯੂਨੀਵਰਸਿਟੀ ਸਟੈਂਡਿੰਗ ਕੌਂਸਲ ਦੀ ਰਾਏ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀ ਜਾਂਦੀ ਹੈ।

**ESI ਸਕੀਮ ਅਤੇ ਲੇਬਰ ਕੋਰਟ ਦੇ ਕੇਸਾਂ ਦੇ ਸਬੰਧ ਵਿਚ ਸ਼੍ਰੀ ਰਜਤ ਜੋਸ਼ੀ, ਐਡਵੋਕੇਟ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।**

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ESI ਸਕੀਮ ਅਤੇ ਲੇਬਰ ਕੋਰਟ ਦੇ ਕੇਸਾਂ ਦੇ ਸਬੰਧ ਵਿਚ ਸ਼੍ਰੀ ਰਜਤ ਜੋਸ਼ੀ, ਐਡਵੋਕੇਟ, 48-B, First Floor, Maqbool Road, Amritsar, ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 31.12.2016 ਨੂੰ ਖਤਮ ਹੋ ਗਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ।

**ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਵਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਸਟੈਂਡਿੰਗ ਕਮੇਟੀ ਦੀ ਨਿਯੁਕਤੀ।**

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਧਿਆਦੇਸ਼ 3.1, ਪੰਨਾ 82, ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਅਨੁਸਾਰ ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਵਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਵਾਲੀ ਮਿਤੀ 1.4.2016 ਤੋਂ 31.3.2017 ਤੱਕ ਨਿਯੁਕਤ ਸਟੈਂਡਿੰਗ ਕਮੇਟੀ ਦੀ ਮਿਆਦ ਵਿਚ ਮਿਤੀ 1.4.2017 ਤੋਂ 31.3.2018 ਤੱਕ, ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ

**ਯੂਨੀਵਰਸਿਟੀ ਦੀ 43ਵੀਂ ਕਨਵੋਕੇਸ਼ਨ ‘ਤੇ ਵੱਖ-ਵੱਖ ਪ੍ਰੀਖਿਆਵਾਂ ਦੇ ਯੋਗ ਉਮੀਦਵਾਰਾਂ ਨੂੰ ਡਿਗਰੀਆਂ ਪਰਦਾਨ ਕਰਨ ਦੀ ਪੁਸ਼ਟੀ।**

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ:-

(ੳ) ਵੱਖ-ਵੱਖ ਪ੍ਰੀਖਿਆਵਾਂ ਦੇ ਹੇਠ ਲਿਖੇ ਅਨੁਸਾਰ ਪਾਸ ਉਮੀਦਵਾਰਾਂ ਨੂੰ ਯੂਨੀਵਰਸਿਟੀ ਦੀ 43ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪ੍ਰਾਪਤ ਕਰਨ ਲਈ ਸੱਦਾ ਦੇਣ ਦੀ ਪ੍ਰਵਾਨਗੀ ਦਿੱਤੀ ਹੈ :-

| | |
|---|---|
| 1. ਪੀਐਚ.ਡੀ. | ਸਾਰੇ ਉਮੀਦਵਾਰ |
| 2. ਐਮ.ਫਿਲ. | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਪਹਿਲੀਆਂ ਤਿੰਨ ਪੋਜ਼ੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

(ਅ) ਵੱਖ-ਵੱਖ ਫੈਕਲਟੀਆਂ ਦੇ ਪੀਐਚ.ਡੀ., ਐਮ.ਫਿਲ. ਅਤੇ ਬਾਕੀ ਸਾਰੀਆਂ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੇ ਨਤੀਜੇ, ਜੋ ਹੇਠਾਂ ਦਰਸਾਈਆਂ ਮਿਤੀਆਂ ਤੱਕ ਨਿਕਲ ਚੁੱਕੇ ਹਨ, ਨੂੰ ਉਕਤ (ੳ) ਅਨੁਸਾਰ 43ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਹੈ:-

| | |
|---|---|
| 1. ਪੀਐਚ.ਡੀ. | ਕਨਵੋਕੇਸ਼ਨ ਦੀ ਮਿਤੀ ਤੋਂ ਇਕ ਦਿਨ ਪਹਿਲਾਂ |
| 2. ਐਮ.ਫਿਲ. | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |
| 3. ਬਾਕੀ ਸਾਰੀਆਂ ਪ੍ਰੀਖਿਆਵਾਂ | ਕਨਵੋਕੇਸ਼ਨ ਦੀ ਮਿਤੀ ਤੋਂ ਸੱਤ ਦਿਨ ਪਹਿਲਾਂ |

**ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਅਡਾਪਟ ਕਰਨ ਅਤੇ ਸ਼੍ਰੀ ਦੇਸ ਰਾਜ, ਕੇਨਵੀਵਰ ਦੀ ਮੁੜ-ਨਿਯੁਕਤੀ ਦੀ ਪ੍ਰਵਾਨਗੀ।**

21. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਕਮਿਸ਼ਨਰ ਫਾਰ ਪਰਸਨਜ਼ ਵਿੱਦ ਡਿਸਏਬਿਲਿਟੀ (ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ) ਦੇ ਹੁਕਮ ਮਿਤੀ 24.8.2016 (**ਅੰਤਿਕਾ-1**) ਅਤੇ ਉਪ-ਕੁਲਪਤੀ ਜੀ ਦੇ ਮਿਤੀ 9.1.2017 ਦੇ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 22/2/2012-3 ਐਫ.ਪੀ.2/257 ਮਿਤੀ 30.10.2015 (**ਅੰਤਿਕਾ-2**) ਨੂੰ ਯੂਨੀਵਰਸਿਟੀ ਵਿਖੇ ਅਡਾਪਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

(ਅ) ਉਕਤ (ੳ) ਨੂੰ ਮੁੱਖ ਰੱਖਦਿਆਂ ਸ਼੍ਰੀ ਦੇਸ ਰਾਜ, ਕੇਨਵੀਵਰ, ਉਸਾਰੀ ਵਿਭਾਗ, ਜੋ ਕਿ ਮਿਤੀ 30.6.2016 ਨੂੰ ਯੂਨੀਵਰਸਿਟੀ ਤੋਂ ਸੇਵਾ-ਮਕਤ ਹੋ ਚੁੱਕਾ ਹੈ, ਦੇ ਸੇਵਾ ਕਾਲ ਵਿਚ ਮਿਤੀ 1.7.2016 ਤੋਂ ਇਕ ਸਾਲ ਦਾ ਵਾਧਾ ਅਤੇ ਆਖਰੀ ਮੁੱਢਲੀ ਤਨਖਾਹ+ਬਣਦੇ ਭੱਤੇ ਅਨੁਸਾਰ ਤਨਖਾਹ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਯੂਨੀਵਰਸਿਟੀ ਕੈਂਪਸ ਤੋਂ ਇਸਦੇ ਰਿਜਨਲ ਕੈਂਪਸਜ਼ ਤੇ** vice-versa **ਮਾਈਗ੍ਰੇਸ਼ਨ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪੁਸ਼ਟੀ।**

22. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਂਪਸ ਤੋਂ ਇਸਦੇ ਰਿਜਨਲ ਕੈਂਪਸਜ਼ ਅਤੇ vice-versa ਮਾਈਗ੍ਰੇਸ਼ਨ ਸਬੰਧੀ, ਉਨ੍ਹਾਂ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 26.12.2016 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਹਨ:-

> "There should be no migration from University Campus to its Regional Campuses and vice-versa in all undergraduate and postgraduate courses w.e.f. the academic session 2016-17."

**ਅਧਿਆਪਕਾਂ ਦੀ ਸਿੱਧੀ ਭਰਤੀ ਅਤੇ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਤਰੱਕੀ ਦੀਆਂ ਯੋਗਤਾਵਾਂ ਸਬੰਧੀ ਯੂ.ਜੀ.ਸੀ. ਵੱਲੋਂ ਚੌਥੀ ਸੋਧ ਸਬੰਧੀ ਜਾਰੀ ਨੋਟੀਫਿਕੇਸ਼ਨ ਦੇ ਕਲਾਜ਼** 5.6.1 (d) **ਵਿਚ ਸੋਧ ਕਰਨ ਦੀ ਪ੍ਰਵਾਨਗੀ।**

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਧਿਆਪਕਾਂ ਦੀ ਸਿੱਧੀ ਭਰਤੀ ਅਤੇ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਤਰੱਕੀ ਦੀਆਂ ਯੋਗਤਾਵਾਂ ਸਬੰਧੀ ਯੂ.ਜੀ.ਸੀ. ਵੱਲੋਂ ਜਾਰੀ ਨੋਟੀਫਿਕੇਸ਼ਨ "MINIMUM QUALIFICATIONS FOR APPOINTMENT OF TEACHERS AND OTHER ACADEMIC STAFF IN UNIVERSITIES AND COLLEGES AND MEASURES FOR THE MAINTENANCE OF STANDARDS IN HIGHER EDUCATION-2010" ਵਿਚ ਚੌਥੀ ਸੋਧ ($4^{th}$ Amendment) ਦੇ ਕਲਾਜ਼ 5.6.1(d) ਵਿਚ **ਅੰਤਿਕਾ** ਅਨੁਸਾਰ ਕੀਤੀ ਗਈ ਸੋਧ ਯੂਨੀਵਰਸਿਟੀ ਵਿਚ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਵਿਚ ਸੋਧ ਕਰਨ ਦੀ ਪ੍ਰਵਾਨਗੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੈਲੰਡਰਾਂ ਦੀ ਸੁਧਾਈ/ ਛਪਾਈ ਲਈ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 5.12.2016 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਵਿਚ (**ਅੰਤਿਕਾ** ਅਨੁਸਾਰ) ਸੋਧ ਪ੍ਰਵਾਨ ਕੀਤੀ ਜਾਂਦੀ ਹੈ।

**ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 137 'ਤੇ ਅੰਕਿਤ** Statutes **1.3 ਵਿਚ ਸੋਧ ਕਰਨ ਦੀ ਪ੍ਰਵਾਨਗੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 137 'ਤੇ ਅੰਕਿਤ Statutes 1.3 ਵਿਚ, ਪੰਜਾਬ ਸਰਕਾਰ ਵੱਲੋਂ ਨਵੇਂ ਘੋਸ਼ਿਤ ਕੀਤੇ ਜਿਲ੍ਹਿਆਂ ਦੇ ਨਾਵਾਂ ਨੂੰ ਸ਼ਾਮਿਲ ਕਰਨ ਸਬੰਧੀ ਡੀਨ, ਕਾਲਜ ਵਿਕਾਸ ਕੌਂਸਲ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ (**ਅੰਤਿਕਾ** ਅਨੁਸਾਰ) ਸੋਧ ਪ੍ਰਵਾਨ ਕੀਤੀ ਜਾਂਦੀ ਹੈ।

**ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਪਾਸੋਂ** Tuition Fee, Examination Fee **ਅਤੇ** Application Fee Credit Card/ Debit Card/ Net Banking **ਰਾਹੀਂ ਲੈਣ ਵਾਸਤੇ ਕਮੇਟੀ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਪਾਸੋਂ Tuition Fee, Examination Fee ਅਤੇ Application Fee Credit Card/ Debit Card/ Net Banking ਰਾਹੀਂ ਲੈਣ ਵਾਸਤੇ ਉਪ-ਕੁਲਪਤੀ ਜੀ ਵਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 27.2.2017 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਵਿਭਾਗਾਂ ਦਾ ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਵਿਭਾਗਾਂ ਵਿਖੇ ਵੱਖ-ਵੱਖ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀਆਂ ਦੀਆਂ ਇਕੱਤਰਤਾਵਾਂ ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ:-

| **ਕ੍ਰਮ ਨੰ:** | **ਵਿਭਾਗ ਦਾ ਨਾਮ** | **ਕਮੇਟੀ ਦੀ ਇੱਕਤਰਤਾ ਦੀ ਮਿਤੀ** | **ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਦੀ ਕੀਮਤ** |
|---|---|---|---|
| 1. | ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ | 16.2.2017 | 4,88,062/- ਰੁ. |
| 2. | ਕੈਮਿਸਟਰੀ ਵਿਭਾਗ | 6.1.2017 | ਅੰਤਿਕਾ ਅਨੁਸਾਰ |

**ਸ਼੍ਰੀ ਏ.ਐਸ. ਅਰੋੜਾ, ਐਡਵੋਕੇਟ, ਲੁਧਿਆਣਾ ਨੂੰ** Baljit Singh versus A.P. Sharma and Dr. A.K. Thukral, Dean Student Welfare, GNDU, Asr. **ਦੇ ਕੇਸ ਵਿਚ ਫੀਸ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ।**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ Baljit Singh versus A.P. Sharma and Dr. A.K. Thukral, Dean Student Welfare, GNDU, Asr. ਦੇ ਕੇਸ ਵਿਚ ਸ਼੍ਰੀ ਏ.ਐਸ. ਅਰੋੜਾ, ਐਡਵੋਕੇਟ, ਲੁਧਿਆਣਾ ਨੂੰ 35,935/- ਰੁਪਏ ਫੀਸ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਅਮਰਦੀਪ ਸਕੈਂਡਰੀ ਸਕੂਲ, ਮੁਕੰਦਪੁਰ ਦੇ ਫੀਸ ਸਟਰਕਚਰ ਦੀ ਪ੍ਰਵਾਨਗੀ।**

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰਿੰਸੀਪਲ, ਅਮਰਦੀਪ ਸਕੈਂਡਰੀ ਸਕੂਲ, ਮੁਕੰਦਪੁਰ ਵੱਲੋਂ ਸਾਲ 2017-18 ਤੋਂ 9th, 10th, 10+1 (Science), 10+1 (Commerce), 10+1 (Arts), 10+2 (Science), 10+2 (Commerce) ਅਤੇ 10+2 (Arts)

ਦੀਆਂ ਕਲਾਸਾਂ ਲਈ ਸੁਝਾਇਆ ਗਿਆ ਫੀਸ ਸਟਰਕਚਰ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤਾ ਜਾਂਦਾ ਹੈ।

**ਅਨੁਸੂਚਿਤ ਜਾਤੀਆਂ ਦੇ ਸਾਬਕਾ ਫੌਜੀ, ਅਨੁਸੂਚਿਤ ਜਾਤੀਆਂ ਦੇ ਖਿਡਾਰੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਾਬਕਾ ਫੌਜੀਆਂ ਨੂੰ ਬਣਦੀ ਰਿਜ਼ਰਵੇਸ਼ਨ ਦੇਣ ਦੀ ਪ੍ਰਵਾਨਗੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਨੁਸੂਚਿਤ ਜਾਤੀਆਂ ਦੇ ਸਾਬਕਾ ਫੌਜੀ, ਅਨੁਸੂਚਿਤ ਜਾਤੀਆਂ ਦੇ ਖਿਡਾਰੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਾਬਕਾ ਫੌਜੀਆਂ ਨੂੰ ਬਣਦੀ ਰਿਜ਼ਰਵੇਸ਼ਨ ਦੇਣ ਸਬੰਧੀ ਪ੍ਰਮੁੱਖ ਸਕੱਤਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਪੰਜਾਬ ਸਰਕਾਰ, ਭਲਾਈ ਵਿਭਾਗ (ਰਿਜ਼ਰਵੇਸ਼ਨ ਸੈੱਲ) ਵੱਲੋਂ ਜਾਰੀ ਪੱਤਰ ਨੰ: 1/55/2016-ਰਸ2/903710/1 ਮਿਤੀ 3.1.2017 (**ਅੰਤਿਕਾ** ਅਨੁਸਾਰ) ਨੂੰ ਯੂਨੀਵਰਸਿਟੀ ਵਿਖੇ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

31. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. 2 ਮਾਰਚ, 2017 ਨੂੰ ਯੂਨੀਵਰਸਿਟੀ ਦੀ 43ਵੀਂ ਸਾਲਾਨਾ ਕਨਵੋਕੇਸ਼ਨ ਹੋਈ, ਜਿਸ ਵਿੱਚ ਸ੍ਰੀ ਵੀ.ਪੀ. ਸਿੰਘ ਬਦਨੌਰ, ਮਾਨਯੋਗ ਗਵਰਨਰ, ਪੰਜਾਬ ਅਤੇ ਚਾਂਸਲਰ, ਯੂਨੀਵਰਸਿਟੀ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਡਿਗਰੀਆਂ ਅਤੇ ਮੈਡਲ ਪ੍ਰਦਾਨ ਕੀਤੇ ।

2. 20 ਦਸੰਬਰ, 2016 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਯੂਨੀਵਰਸਿਟੀ ਇੰਸਟੀਚਿਊਟ ਆਫ ਟੈਕਨਾਲੋਜੀ ਅਤੇ ਮੁਲਾਂਕਣ ਕੇਂਦਰ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਇੰਸਟੀਚਿਊਟ ਦੀ ਇਮਾਰਤ ਤੇ ਕੁੱਲ 28.00 ਕਰੋੜ ਰੁਪਏ ਲਾਗਤ ਆਏਗੀ ਅਤੇ ਮੁਲਾਂਕਣ ਕੇਂਦਰ ਦੀ ਇਮਾਰਤ ਤੇ ਕੁੱਲ 6.26 ਕਰੋੜ ਰੁਪਏ ਲਾਗਤ ਆਏਗੀ ।

3. 25 ਨਵੰਬਰ ਤੋਂ 26 ਨਵੰਬਰ, 2016 ਤੱਕ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਖੇ ਹੋਈ ਕੌਮਾਂਤਰੀ ਕਾਨਫਰੰਸ ਵਿੱਚ ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਅਤੁੱਲ ਖੰਨਾ ਦੇ ਪੀਐਚ.ਡੀ. ਵਿਦਿਆਰਥੀ ਰਾਵੀਸ਼ ਕੁਮਾਰ ਨੇ ਪੋਸਟਰ ਐਵਾਰਡ ਹਾਸਿਲ ਕੀਤਾ ।

4. ਮੌਲੀਕਿਊਲਰ ਬਾਇਓਲੋਜੀ ਐਂਡ ਬਾਇਓਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਪੀ.ਕੇ. ਸਹਿਜਪਾਲ ਦੀ ਪੀਐਚ.ਡੀ. ਵਿਦਿਆਰਥਣ ਅਨਵਿਤਾ ਚੌਧਰੀ ਨੂੰ ਬੀਤੇ ਦਿਨੀਂ Indian Institute of Sciences, Jawahar Lal Nehru Centre for Advanced Scientific Research ਅਤੇ Centre for Human Genetics, Bengaluru ਵਲੋਂ ਸਾਂਝੇ ਤੌਰ ਤੇ ਕਰਵਾਏ ਗਏ International Symposium on Trends in Human Genetics Research and Management ਦੇ ਮੌਕੇ 'ਤੇ **Young Investigator Award** ਨਾਲ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਵਿੱਚ ਉਸਨੂੰ ਨਕਦ ਇਨਾਮ ਤੋਂ ਇਲਾਵਾ ਮੈਡਲ ਅਤੇ ਸ਼ੋਭਾ ਪੱਤਰ ਵੀ ਦਿੱਤਾ ਗਿਆ।

5. 8 ਦਸੰਬਰ ਤੋਂ 10 ਦਸੰਬਰ, 2016 ਤੱਕ Vellore ਵਿਖੇ ਹੋਈ International Conference on Current Trends in Biotechnology ਵਿੱਚ ਮਾਈਕਰੋਬਾਇਓਲੋਜੀ ਦੇ ਪ੍ਰੋਫੈਸਰ ਬੀ.ਐਸ. ਚੱਢਾ ਦੀ ਪੀਐਚ.ਡੀ. ਵਿਦਿਆਰਥਣ ਨੇਹਾ ਬਸੋਤਰਾ ਨੇ ਬੈਸਟ ਪੋਸਟਰ ਐਵਾਰਡ ਹਾਸਿਲ ਕੀਤਾ। ਉਸਨੇ ਮੁਹਾਲੀ ਵਿਖੇ ਮਿਤੀ 15 ਦਸੰਬਰ ਤੋਂ 17 ਦਸੰਬਰ, 2016 ਤੱਕ ਹੋਈ Bioprocessing India 2016 Conference ਵਿੱਚ ਆਪਣੇ ਖੋਜ ਪੱਤਰ 'ਤੇ ਵੀ ਐਵਾਰਡ ਹਾਸਿਲ ਕੀਤਾ। ਹੁਣੇ ਜਿਹੇ ਉਸਨੂੰ ਭਾਰਤ ਸਰਕਾਰ ਦੇ ਬਾਇਓਟੈਕਨਾਲੋਜੀ ਵਿਭਾਗ ਅਤੇ Indo U.S. Science and Technology Forum (IUSSTF) ਵਲੋਂ Bioenergy-Awards for Cutting Edge Research (B-ACER) Internship Program ਲਈ ਚੁਣਿਆ ਗਿਆ ਹੈ, ਜਿਸ ਤਹਿਤ ਉਹ South Dakota School of Mines and Technology, USA ਵਿਖੇ ਛੇ ਮਹੀਨੇ ਦੀ Internship ਲਈ ਜਾਵੇਗੀ ।

6. 8 ਦਸੰਬਰ ਤੋਂ 10 ਦਸੰਬਰ, 2016 ਤੱਕ Vellore ਵਿਖੇ ਹੋਈ International Conference on Current Trends in Biotechnology ਵਿੱਚ ਮਾਈਕਰੋਬਾਇਓਲੋਜੀ ਦੇ ਡਾ. ਆਰ.ਕੇ. ਮਨਹਾਸ ਦੇ ਪੀਐਚ.ਡੀ. ਵਿਦਿਆਰਥੀ ਮਨੀਸ਼ ਮਹਾਜਨ ਨੇ ਆਪਣੇ ਖੋਜ ਪੱਤਰ ਲਈ ਬੈਸਟ ਪੋਸਟਰ ਐਵਾਰਡ ਹਾਸਿਲ ਕੀਤਾ ।

7. ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਪ੍ਰੋਫੈਸਰ ਸੁਭੀਤ ਕੁਮਾਰ ਜੈਨ ਦੀ ਨਿਗਰਾਨੀ ਹੇਠ ਪੀਐਚ.ਡੀ. ਕਰ ਰਹੇ ਖੋਜਾਰਥੀ ਨਿਖਿਲ ਸਹਿਜਪਾਲ ਨੂੰ ਅਮਰੀਕਾ ਦੀ Association for Research in Vision and Ophthalmology Foundation for Eye Research ਵਲੋਂ 4000 ਯੂ.ਐਸ. ਡਾਲਰ ਦੀ Developing Country Eye Research Travel Fellowship ਪ੍ਰਦਾਨ ਕੀਤੀ ਗਈ ਹੈ,ਜਿਸ ਤਹਿਤ ਉਹ ਮਿਤੀ 7 ਮਈ ਤੋਂ 11 ਮਈ, 2017 ਤੱਕ ਬਾਲਟੀਮੋਰ ਕਨਵੈਨਸ਼ਨ ਸੈਂਟਰ, ਬਾਲਟੀਮੋਰ, ਅਮਰੀਕਾ ਵਿਖੇ ਹੋਣ ਵਾਲੀ ਕਨਵੈਨਸ਼ਨ ਵਿੱਚ ਭਾਗ ਲਏਗਾ ।

8. ਸਰੀਰਕ ਸਿੱਖਿਆ ਵਿਭਾਗ ਦੇ ਮੁੱਖੀ ਪ੍ਰੋਫੈਸਰ ਸੁਖਦੇਵ ਸਿੰਘ ਨੇ ਮਿਤੀ 21 ਫਰਵਰੀ ਤੋਂ 26 ਫਰਵਰੀ ਨੂੰ ਹੈਦਰਾਬਾਦ ਵਿੱਚ ਕਰਵਾਈ ਗਈ 38ਵੀਂ ਕੌਮੀ ਮਾਸਟਰਜ਼ ਐਥਲੈਟਿਕਸ ਵਿੱਚ ਲੰਬੀ ਛਲਾਂਗ ਅਤੇ ਤਿਹਰੀ ਛਲਾਂਗ ਵਿੱਚ ਦੋ ਸੋਨੇ ਦੇ ਤੇ ਉੱਚੀ ਛਲਾਂਗ ਵਿੱਚ ਇੱਕ ਕਾਂਸੇ ਦਾ ਮੈਡਲ ਜਿੱਤਿਆ ।

9. **ਕੈਮਿਸਟਰੀ ਵਿਭਾਗ ਦੀਆਂ ਗਤੀਵਿਧੀਆਂ:-**

- 27 ਜਨਵਰੀ ਨੂੰ ਕੈਮਿਸਟਰੀ ਵਿਭਾਗ ਵਲੋਂ **ਕੈਮੀਕਲ ਵਿਗਿਆਨਾਂ ਵਿਚ ਮੌਜੂਦਾ ਰੁਝਾਨ** ਵਿਸ਼ੇ 'ਤੇ ਇਕ ਰੋਜ਼ਾ ਸਿੰਪੋਜ਼ੀਅਮ ਕਰਵਾਇਆ ਗਿਆ, ਜਿਸ ਵਿੱਚ IISER ਦੇ ਡਾਇਰੈਕਟਰ ਪ੍ਰੋਫੈਸਰ ਐਨ. ਸਤਿਆਮੂਰਥੀ, IISER ਕੋਲਕੱਤਾ ਦੇ ਡਾਇਰੈਕਟਰ, ਪ੍ਰੋਫੈਸਰ ਆਰ.ਐਨ. ਮੁਖਰਜੀ, IISER ਭੋਪਾਲ ਦੇ ਡਾਇਰੈਕਟਰ, ਪ੍ਰੋਫੈਸਰ ਵੀ.ਕੇ.ਸਿੰਘ, ਸੀ.ਬੀ.ਐਮ.ਆਰ, ਸੰਜੇ ਗਾਂਧੀ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਲਖਨਊ ਦੇ ਪ੍ਰੋਫੈਸਰ ਸੀ.ਐਲ. ਖੇਤਰਪਾਲ, ਆਈ.ਆਈ.ਟੀ., ਦਿੱਲੀ ਦੇ ਪ੍ਰੋਫੈਸਰ ਰਵੀ ਸ਼ੰਕਰ ਅਤੇ ਆਈ.ਆਈ.ਸੀ.ਟੀ. ਹੈਦਰਾਬਾਦ ਦੇ ਪ੍ਰੋਫੈਸਰ ਏ.ਸੀ. ਕੁੰਵਰ ਨੇ ਭਾਸ਼ਣ

ਦਿੱਤੇ ।

- ਮਿਤੀ 6-7 ਮਾਰਚ ਨੂੰ ਕੈਮਿਸਟਰੀ ਵਿਭਾਗ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **ਰਸਾਇਣ ਵਿਗਿਆਨ ਵਿੱਚ ਨਵੀਆਂ ਖੋਜਾਂ** ਵਿਸ਼ੇ 'ਤੇ ਛੇਵਾਂ ਰਾਸ਼ਟਰੀ ਸਿੰਪੋਜ਼ੀਅਮ ਕਰਵਾਇਆ ਗਿਆ, ਜਿਸ ਵਿੱਚ ਵਿਸ਼ਵ ਪ੍ਰਸਿੱਧ ਵਿਗਿਆਨੀ ਅਤੇ CSIR NIIST, Thiruvananthapuram ਦੇ ਡਾਇਰੈਕਟਰ, Dr. A. Ajayaghosh ਨੇ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਕੀਤੀ ।

10. **ਪੰਜਾਬੀ ਅਧਿਐਨ ਸਕੂਲ ਦੀਆਂ ਗਤੀਵਿਧੀਆਂ:-**

- 20 ਜਨਵਰੀ ਨੂੰ ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਬਲਵੰਤ ਗਾਰਗੀ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ **ਬਲਵੰਤ ਗਾਰਗੀ: ਜੀਵਨ ਤੇ ਰਚਨਾ ਦਾ ਗਲਪੀ ਬਿੰਬ** ਵਿਸ਼ੇ 'ਤੇ ਡਾ. ਗੋਪਾਲ ਸਿੰਘ ਪੁਰੀ ਯਾਦਗਾਰੀ ਭਾਸ਼ਣ ਕਰਵਾਇਆ ਗਿਆ, ਜਿਸ ਵਿੱਚ ਫਿਲਮ ਲੇਖਕ ਅਤੇ ਨਿਰਦੇਸ਼ਕ ਅਮਰੀਕ ਗਿੱਲ ਨੇ ਮੁੱਖ ਵਕਤਾ ਵਜੋਂ ਸ਼ਮੂਲੀਅਤ ਕੀਤੀ ।
- 24 ਜਨਵਰੀ ਨੂੰ **ਭਾਰਤੀ ਗਿਆਨ ਪਰੰਪਰਾ: ਰਿਗਵੇਦ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ** ਵਿਸ਼ੇ 'ਤੇ ਡਾ. ਪਰਮਜੀਤ ਸਿੰਘ ਵਾਲੀਆ ਯਾਦਗਾਰੀ ਭਾਸ਼ਣ ਕਰਵਾਇਆ ਗਿਆ ।
- 2 ਫਰਵਰੀ ਨੂੰ **ਵਿਸ਼ਵੀਕਰਨ ਅਤੇ ਪੰਜਾਬੀ ਸੱਭਿਆਚਾਰ** ਵਿਸ਼ੇ 'ਤੇ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਭਾਸ਼ਣ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪ੍ਰੋਫੈਸਰ ਨਾਹਰ ਸਿੰਘ ਨੇ ਮੁਖ ਵਕਤਾ ਵਜੋਂ ਹਿੱਸਾ ਲਿਆ ।
- 28 ਫਰਵਰੀ ਨੂੰ **ਵਿਸ਼ਵ ਕਲਾਸਿਕੀ ਸਾਹਿਤ: ਮਹੱਤਵ ਤੇ ਪ੍ਰਾਸੰਗਿਕਤਾ** ਵਿਸ਼ੇ 'ਤੇ ਇਕ ਰੋਜ਼ਾ ਕੌਮੀ ਕਾਨਫਰੰਸ ਕਰਵਾਈ ਗਈ, ਜਿਸ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਡਾ. ਰਤਨ ਸਿੰਘ ਜੱਗੀ ਨੇ ਕੀਤੀ ਅਤੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ, ਡਾ. ਮਹਿਲ ਸਿੰਘ ਨੇ ਕੀਤੀ ।
- 6 ਮਾਰਚ ਨੂੰ **ਲੋਕਧਾਰਾ ਦਾ ਅਧਿਐਨ ਅਤੇ ਅਧਿਆਪਨ : ਦ੍ਰਿਸ਼ ਅਤੇ ਦ੍ਰਿਸ਼ਟੀ** ਵਿਸ਼ੇ 'ਤੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।

11. 9 ਫਰਵਰੀ ਨੂੰ ਬੋਟੈਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਲੋਂ **Recent Trends in Plants and Enviromental Sciences** ਵਿਸ਼ੇ 'ਤੇ ਦੋ ਰੋਜਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ 200 ਦੇ ਕਰੀਬ ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ 'ਤੇ National Institute of Advanced Industrial Science and Technology (AIST), Japan ਦੇ Senior Scientist, ਡਾ. ਸੁਨੀਲ ਕੌਲ ਨੇ ਕੁੰਜੀਵਤ ਭਾਸ਼ਣ ਦਿੱਤਾ ।

12. 11 ਫਰਵਰੀ ਨੂੰ ਗੁਰੂ ਰਾਮ ਦਾਸ ਸਕੂਲ ਆਫ ਪਲਾਨਿੰਗ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **Under Graduation in Urban and Regional Planning:Retrospects and Prospects** ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਆਯੋਜਿਤ ਕਰਵਾਇਆ ਗਿਆ, ਜਿਸ ਵਿੱਚ ਦਿੱਲੀ ਦੇ ਸਾਬਕਾ ਚੀਫ ਟਾਊਨ ਪਲਾਨਰ, ਡਾ. ਡੀ.ਐਸ. ਮੇਸ਼ਰਾਮ ਮੁੱਖ ਮਹਿਮਾਨ ਵਜੋਂ ਸ਼ਾਮਿਲ

ਹੋਏ ।

13. 17 ਫਰਵਰੀ ਨੂੰ ਜੁਆਲੋਜੀ ਵਿਭਾਗ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **Recent Trends for Ecorestoration** ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ CIFRI ਕੌਲਕੱਤਾ ਦੇ ਪ੍ਰੋਫੈਸਰ ਯੂ.ਕੇ. ਸਰਕਾਰ, ਗੁਰੂਕੁਲ ਕਾਂਗੜੀ ਮਹਾਂਵਿਦਿਆਲਾ ਦੇ ਪ੍ਰੋਫੈਸਰ ਬੀ.ਡੀ. ਜੋਸ਼ੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਪ੍ਰੋਫੈਸਰ ਐਸ.ਐਸ. ਹੁੰਦਲ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਜਗਬੀਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ।

14. 17 ਫਰਵਰੀ ਤੋਂ 18 ਫਰਵਰੀ ਤੱਕ ਪੰਜਾਬ ਸਕੂਲ ਆਫ ਇਕਨਾਮਿਕਸ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **Agricultural and Rural Diversification in Punjab** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਜੀ.ਬੀ. ਪੰਤ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼, ਅਲਾਹਾਬਾਦ ਦੇ ਪ੍ਰੋਫੈਸਰ ਪ੍ਰਦੀਪ ਭਾਰਗਵਾ ਨੇ ਕੁੰਜੀਵਤ ਭਾਸ਼ਣ ਦਿੱਤਾ ਅਤੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਬਲਵਿੰਦਰ ਸਿੰਘ ਟਿਵਾਣਾ ਨੇ ਕੀਤੀ। ਇਸ ਤੋਂ ਇਲਾਵਾ 17 ਮਾਰਚ ਤੋਂ 18 ਮਾਰਚ ਤੱਕ ਸਕੂਲ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **Changing Policy Regime and Sectoral Performance of India** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ IIPA, New Delhi ਦੇ ਸਾਬਕਾ ਪ੍ਰੋਫੈਸਰ ਪੀ.ਕੇ. ਚੌਬੇ ਨੇ ਕੁੰਜੀਵਤ ਭਾਸ਼ਣ ਦਿੱਤਾ।

15. 24 ਫਰਵਰੀ ਤੋਂ 25 ਫਰਵਰੀ ਤੱਕ ਸਕੂਲ ਆਫ ਸੋਸ਼ਲ ਸਾਇੰਸਜ਼ ਵਲੋਂ **ਸਮਾਜਿਕ ਖੇਤਰ ਵਿਚ ਸੰਚਾਲਨ ਅਤੇ ਵਿਕਾਸ ਵਿਸ਼ੇ** 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਪ੍ਰਥਮਾ ਐਜੂਕੇਸ਼ਨ ਫਾਉਂਡੇਸ਼ਨ ਦੀ Chief Executive, ਡਾ. ਰੁਕਮਿਨੀ ਬੈਨਰਜੀ ਨੇ ਮੁੱਖ ਭਾਸ਼ਣ ਦਿੱਤਾ ।

16. 15 ਮਾਰਚ ਨੂੰ ਗੁਰੂ ਨਾਨਕ ਅਧਿਐਨ ਵਿਭਾਗ ਵਲੋਂ **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸਭਿਆਚਾਰ ਨੂੰ ਦੇਣ** ਵਿਸ਼ੇ 'ਤੇ ਇੱਕ ਵਿਸ਼ੇਸ਼ ਲੈਕਚਰ ਕਰਵਾਇਆ ਗਿਆ, ਜੋ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਹਰਭਜਨ ਸਿੰਘ ਨੇ ਦਿੱਤਾ ।

17. 4 ਮਾਰਚ ਤੋਂ 5 ਮਾਰਚ ਤੱਕ ਪੋਲੀਟੀਕਲ ਸਾਇੰਸ ਵਿਭਾਗ ਵਲੋਂ ਯੂ.ਜੀ.ਸੀ. ਦੇ ਸਹਿਯੋਗ ਨਾਲ **Human Rights and Duties** ਵਿਸ਼ੇ 'ਤੇ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।

18. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ 12 ਦਸੰਬਰ, 2016 ਤੋਂ ਹੁਣ ਤੱਕ Code Brew, Software AG, Mind Infotech, Jubiliant Chemsys and Nagarro ਆਦਿ ਕੰਪਨੀਆਂ ਵਲੋਂ ਯੂਨੀਵਰਸਿਟੀ ਦੇ 54 ਵਿਦਿਆਰਥੀਆਂ ਨੂੰ ਰੋਜ਼ਗਾਰ/ਟਰੇਨਿੰਗ ਦੀ ਪੇਸ਼ਕਸ਼ ਕੀਤੀ ਹੈ। ਇਸ ਤਰ੍ਹਾਂ ਜੁਲਾਈ, 2016 ਤੋਂ ਹੁਣ ਤੱਕ ਬੈਚ-2017 ਦੇ ਕੁਲ 482 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ ।

19. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ 3 ਵਿਦਿਆਰਥੀਆਂ ਨੇ JRF/UGC ਦੀ ਪ੍ਰੀਖਿਆ ਪਾਸ ਕੀਤੀ ਹੈ।

20. **ਯੁਵਕ ਭਲਾਈ ਵਿਭਾਗ ਦੀਆਂ ਉਪਲੱਬਧੀਆਂ:**

- 2 ਜਨਵਰੀ ਤੋਂ 6 ਜਨਵਰੀ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਛਤਰਪਤੀ ਸ਼ਾਹੂ ਜੀ ਯੂਨੀਵਰਸਿਟੀ, ਕਾਨਪੁਰ ਵਿਖੇ ਕਰਵਾਏ ਗਏ ਨਾਰਥ ਜੋਨ ਅੰਤਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਯੂਨੀਵਰਸਿਟੀ ਨੇ ਓਵਰਆਲ ਰਨਰਜ਼-ਅਪ ਟਰਾਫੀ ਜਿੱਤੀ ਅਤੇ ਸੰਗੀਤ ਦੀ ਟਰਾਫੀ ਜਿੱਤੀ ।
- 10 ਫਰਵਰੀ ਤੋਂ 14 ਫਰਵਰੀ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਸ਼ਿਵਾਜੀ ਯੂਨੀਵਰਸਿਟੀ, ਕੋਹਲਾਪੁਰ ਵਿਖੇ ਕਰਵਾਏ ਗਏ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿੱਚ ਯੂਨੀਵਰਸਿਟੀ ਨੇ ਓਵਰਆਲ ਸੈਕੰਡ ਰਨਰਜ਼-ਅਪ ਟਰਾਫੀ ਜਿੱਤੀ ਅਤੇ ਸੰਗੀਤ ਦੀ ਟਰਾਫੀ ਜਿੱਤੀ। ਇਸ ਯੁਵਕ ਮੇਲੇ ਵਿੱਚ ਦੇਸ਼ ਭੱਰ ਦੀਆਂ ਲਗਭੱਗ 70 ਯੂਨੀਵਰਸਿਟੀਆਂ ਨੇ ਹਿੱਸਾ ਲਿਆ।
- 28 ਫਰਵਰੀ ਤੋਂ 4 ਮਾਰਚ ਤੱਕ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵਲੋਂ ਦੇਵੀ ਅਹਿੱਲਯਾ ਵਿਸ਼ਵ ਵਿਦਿਆਲਾ, ਇੰਦੌਰ ਵਿਖੇ ਆਯੋਜਿਤ 10ਵੇਂ ਸਾਊਥ ਏਸ਼ੀਅਨ ਯੂਨੀਵਰਸਿਟੀਜ਼ ਯੂਥ ਫੈਸਟੀਵਲ ਵਿੱਚ ਯੂਨੀਵਰਸਿਟੀ ਦੀਆਂ ਕਲਾਸੀਕਲ ਡਾਂਸ, ਪੋਸਟਰ ਮੇਕਿੰਗ ਅਤੇ ਲਾਈਟ ਮਿਊਜ਼ਿਕ ਵੋਕਲ ਟੀਮਾਂ ਨੇ ਦੇਸ਼ ਦੀ ਨੁਮਾਇੰਦਗੀ ਕੀਤੀ ।

21. **ਖੇਡ ਵਿਭਾਗ ਦੀਆਂ ਉਪਲੱਬਧੀਆਂ:**

- 11-14 ਜਨਵਰੀ ਨੂੰ ਰਾਏਪੁਰ (ਛੱਤੀਸਗੜ੍ਹ) ਵਿਖੇ ਹੋਈ Senior National Fencing(M&W) Championship ਵਿੱਚ ਯੂਨੀਵਰਸਿਟੀ ਦੀ ਟੀਮ ਨੇ 3 ਗੋਲਡ, 6 ਸਿਲਵਰ ਅਤੇ 3 ਬ੍ਰਾਂਜ਼ ਮੈਡਲ ਜਿੱਤੇ ।
- 21-24 ਜਨਵਰੀ ਨੂੰ ਯੂਨੀਵਰਸਿਟੀ ਵਿਖੇ ਹੋਈ All India Inter-University Fencing (M&W) Championship ਵਿੱਚ ਯੂਨੀਵਰਸਿਟੀ ਦੀ ਟੀਮ ਨੇ 8 ਗੋਲਡ, 3 ਸਿਲਵਰ ਅਤੇ 4 ਬ੍ਰਾਂਜ਼ ਮੈਡਲ ਜਿੱਤੇ ।
- 11-17 ਫਰਵਰੀ ਨੂੰ ਯੂਨੀਵਰਸਿਟੀ ਵਿਖੇ ਹੋਈ North-Zone Inter-University Hockey (M&W) Championship ਵਿੱਚ ਯੂਨੀਵਰਸਿਟੀ ਦੀ ਪੁਰਸ਼ਾਂ ਦੀ ਟੀਮ ਨੇ ਚੈਂਪੀਅਨਸ਼ਿਪ ਜਿੱਤੀ ਅਤੇ ਮਹਿਲਾ ਹਾਕੀ ਟੀਮ ਨੇ ਤੀਜਾ ਸਥਾਨ ਹਾਸਿਲ ਕੀਤਾ ਅਤੇ ਸਰਭ ਭਾਰਤੀ ਅੰਤਰ-ਵਰਸਿਟੀ ਹਾਕੀ ਚੈਂਪੀਅਨਸ਼ਿਪ ਲਈ ਕੁਆਲੀਫਾਈ ਕੀਤਾ।
- 26-28 ਫਰਵਰੀ ਨੂੰ ਚੇਨੱਈ ਵਿਖੇ ਹੋਈ Senior National Judo(M&W)Championship ਵਿੱਚ ਯੂਨੀਵਰਸਿਟੀ ਦੀ ਟੀਮ ਨੇ 1 ਸਿਲਵਰ ਅਤੇ 2 ਬ੍ਰਾਂਜ਼ ਮੈਡਲ ਜਿੱਤੇ।
- 1-3 ਮਾਰਚ ਨੂੰ ਤਲਵਾੜਾ ਵਿਖੇ ਹੋਈ All India Inter-University Yatching(M&W)Championship ਵਿੱਚ ਯੂਨੀਵਰਸਿਟੀ ਦੀ ਟੀਮ ਨੇ 1 ਗੋਲਡ ਅਤੇ 2 ਬ੍ਰਾਂਜ਼ ਮੈਡਲ ਜਿੱਤੇ ।
- 9-11 ਮਾਰਚ ਨੂੰ ਰੋਹਤਕ ਵਿਖੇ ਹੋਈ All India Inter-University

American Football (Men) Championship ਵਿੱਚ ਯੂਨੀਵਰਸਿਟੀ ਦੀ ਟੀਮ ਰਨਰਜ਼-ਅਪ ਰਹੀ।

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਡਾ. ਸ਼ਰਨਜੀਤ ਸਿੰਘ ਢਿੱਲੋਂ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਦੀ ਮੁੜ-ਨਿਯੁਕਤੀ।**

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 11.10.2004 ਦੇ ਪੈਰਾ 15 ਦੇ ਅਧਾਰ 'ਤੇ ਡਾ. ਸ਼ਰਨਜੀਤ ਸਿੰਘ ਢਿੱਲੋਂ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ, ਮਿਤੀ 30.6.2017 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.7.2017 ਤੋਂ ਮਿਤੀ 30.6.2019 ਤੱਕ, ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ 'ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

**ਮੈਸ. ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ, ਅੰਮ੍ਰਿਤਸਰ ਦੀ ਯੂਨੀਵਰਸਿਟੀ ਆਮਦਨ-ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਵਾਧਾ।**

34. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮੈਸ. ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ, ਅੰਮ੍ਰਿਤਸਰ ਜਿਸ ਦੀ ਯੂਨੀਵਰਸਿਟੀ ਵਿਖੇ ਯੂਨੀਵਰਸਿਟੀ ਆਮਦਨ-ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਮਿਤੀ 31.3.2017 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2017 ਤੋਂ 31.3.2018 ਤੱਕ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ।

**ਯੂਨੀਵਰਸਿਟੀ ਬਿਜ਼ਨੈਸ ਸਕੂਲ ਦੇ ਮੁਖੀ ਦੀ ਨਿਯੁਕਤੀ।**

35. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ, ਅਹੁਦਾ ਅਤੇ ਵਿਭਾਗ** | **ਮੁਖੀ ਵਜੋਂ ਨਿਯੁਕਤੀ ਦੀ ਮਿਆਦ** |
|---|---|---|
| 1. | ਡਾ. ਜਸਵੀਨ ਕੌਰ, ਐਸੋਸੀਏਟ ਪ੍ਰੋਫੈਸਰ, ਯੂਨੀਵਰਸਿਟੀ ਬਿਜ਼ਨੈਸ ਸਕੂਲ | ਮਿਤੀ 1.4.2017 ਤੋਂ 30.6.2017 ਤੱਕ ਅਤੇ ਮਿਤੀ 1.7.2017 ਤੋਂ 30.6.2020 ਤੱਕ |

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਜਾਣ ਲਈ ਡਿਊਟੀ ਲੀਵ/ ਕਮਾਈ ਛੁੱਟੀ ਦੇਣ ਦੀ ਪ੍ਰਵਾਨਗੀ।**

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਵਿਦੇਸ਼ ਜਾਣ ਲਈ ਡਿਊਟੀ ਲੀਵ/ ਕਮਾਈ ਛੁੱਟੀ ਪ੍ਰਵਾਨ ਕੀਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Swapandeep Singh Chimni, Professor, Deptt. of Chemistry | To attend "International Collaboration/ Exchange Programme during 2017" at Poland from 15.5.2017 to 14.6.2017. | Duty Leave from 15.5.2017 to 24.5.2017 = 10 days and P.Leave from 25.5.2017 to 26.5.2017=02 days (with Prefixing holidays 13-14.5.2017 and suffixing holidays 27-28.5.2017(being Saturday and Sunday)) along with Summer Vacations from 29.5.2017 to 14.6.2017. |
| 2. | Dr. Atul Khanna, Prof., Deptt. of Physics | For Research Work at Rutherford Appleton Laboratory (RAL), Harwell Science and Technology Campus, Didcot, United Kingdom from 10.5.2017 to 26.5.2017. | Duty Leave from 10.5.2017 to 19.5.2017= 10 days and P.Leave from 20.5.2017 to 26.5.2017 = 07 days (with suffixing holidays 27-28.5.2017(being Saturday and Sunday)) |

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੇਣ ਦੀ ਆਗਿਆ ਦੀ ਪੁਸ਼ਟੀ।**

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | Dr. Harminder Singh, Assistant Professor, Deptt. of Electronics & Communication Engg., RC, Jalandhar. | To attend 156th International Conference on Metallurgy Technology and Materials (ICMTM) to be held in Toronto, Canada from 28th to 29th March, 2017. |

**ਸਬੰਧਤ ਅਧਿਆਪਕ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ।**

38. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ General Development Assistance ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | Dr. Bhupinder Singh Chadha, Professor, Deptt. of Microbiology. | To attend the Society of Industrial Microbiology & Biotechnology (SIMB) Annual Meeting and Exhibition to be held in Colarado, USA from 30th July, 2017 to 3rd August, 2017. |
| 2. | Dr. Shashi Bhushan Rana, Assistant Professor, Deptt. of Electronics Technology, RC, Gurdaspur. | To attend the International Congress on Materials and Renewable Energy (MRE2017) to be held in The University of Hertfordshire, UK from 26-28 July, 2017. |

**ਡਾ. ਤਰਲੋਕ ਸਿੰਘ ਬੈਨੀਪਾਲ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਰੱਦ ਕਰਨ ਦੀ ਆਗਿਆ ਦੀ ਪੁਸ਼ਟੀ।**

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਤਰਲੋਕ ਸਿੰਘ ਬੈਨੀਪਾਲ ਵੱਲੋਂ ਡਾਇਰੈਕਟਰ ਰਿਸਰਚ ਦੀ ਅਸਾਮੀ ਤੋਂ ਅਸਤੀਫਾ ਦੇਣ ਉਪਰੰਤ ਮਿਤੀ 3.3.2017 (ਦੁਪਹਿਰ ਤੋਂ ਪਹਿਲਾਂ) ਤੋਂ ਕੈਮਿਸਟਰੀ ਵਿਭਾਗ (Parent Deptt.) ਵਿਖੇ ਡਿਊਟੀ ਜੁਆਇੰਨ ਕਰਨ ਕਰਕੇ, ਉਨ੍ਹਾਂ ਦੀ ਪਹਿਲਾਂ ਪ੍ਰਵਾਨ ਹੋਈ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਵਿਚੋਂ, ਮਿਤੀ 3.3.2017 ਤੋਂ ਮਿਤੀ 2.7.2017 ਤੱਕ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਰੱਦ ਕਰਨ ਦੀ ਆਗਿਆ ਦਿੱਤੀ ਹੈ।

**ਸ਼੍ਰੀ ਅੰਮ੍ਰਿਤਪਾਲ, ਐਡਵੋਕੇਟ ਦੀ ਯੂਨੀਵਰਸਿਟੀ ਲੀਗਲ ਰੀਟੇਨਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਇਕ ਸਾਲ ਦੇ ਵਾਧੇ ਦੀ ਪੁਸ਼ਟੀ।**

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਅੰਮ੍ਰਿਤਪਾਲ, ਐਡਵੋਕੇਟ ਦੀ ਯੂਨੀਵਰਸਿਟੀ ਲੀਗਲ ਰੀਟੇਨਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2017 ਤੋਂ ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ ਅਤੇ ਉਨ੍ਹਾਂ ਦੀ ਰੀਟੇਨਰ ਫੀਸ 15,000/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 20,000/- ਰੁਪਏ ਪ੍ਰਤੀ ਮਹੀਨਾ ਕੀਤੀ ਹੈ।

**ਸ਼੍ਰੀ ਸੁਰਜੀਤ ਸਿੰਘ, ਸੀਨੀਅਰ ਟੈਕਨੀਸ਼ੀਅਨ, ਹਿਊਮਨ ਜੈਨੇਟਿਕਸ ਵਿਭਾਗ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ਼੍ਰੀ ਸੁਰਜੀਤ ਸਿੰਘ, ਸੀਨੀਅਰ ਟੈਕਨੀਸ਼ੀਅਨ, ਹਿਊਮਨ ਜੈਨੇਟਿਕਸ ਵਿਭਾਗ, ਜੋ ਮਿਤੀ 31.1.2017 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ 'ਤੇ ਛੇ ਮਹੀਨੇ ਲਈ ਮੁੜ-ਨਿਯੁਕਤ ਕੀਤਾ ਹੈ।

ਉਸਦੀ ਇਹ ਨਿਯੁਕਤੀ ਡਿਊਟੀ ਜੁਆਇੰਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪੁਸ਼ਟੀ।**

42. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ **ਅੰਤਿਕਾ** ਵਿਚ ਦਰਸਾਏ 110 ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

**ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2016-17 ਲਈ ਐਸੋਸੀਏਟ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸਾਂ ਸਬੰਧੀ।**

43. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2016-17 ਲਈ ਐਸੋਸੀਏਟ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸ (**ਅੰਤਿਕਾ ਅਨੁਸਾਰ**) ਪ੍ਰਵਾਨ ਕੀਤੇ ਜਾਂਦੇ ਹਨ।

**ਸਾਲ 2017-18 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਸਬੰਧੀ।**

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 90 'ਤੇ ਦਰਜ ਸਟੈਚਿਊਟ 12 ਅਨੁਸਾਰ ਸਾਲ 2017-18 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਡਾ. ਪਰਮਜੀਤ ਨੰਦਾ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ ਨਿਯੁਕਤ ਕੀਤਾ ਜਾਂਦਾ ਹੈ।

To ratify & approve the Orders dated 16.3.2016 (Appendix-1) issued by the Vice-Chancellor in

45. Considered for ratification and approval the Orders dated 16-3-2016 (**Appendix-1**) issued by the Vice-Chancellor in anticipation of the approval of the Syndicate, thereby recalling/ withdrawing office order dated 7-12-2015

anticipation of the approval of the Syndicate, thereby recalling/ withdrawing office order dated 7.12.2015 (Appendix-2) cancelling approval of appointment of Sh. Hardeep Singh Ghuman, as Asstt. Professor, Physics, GGS Khalsa College, Sarhali (Tarn Taran) due to reported plagiarism by him, and to approve office order dated 23.3.2016 (Appendix-3) and to recommend it to Syndicate to take a fresh decision in the matter as deemed fit.

(**Appendix-2**) cancelling approval of appointment of Sh. Hardeep Singh Ghuman, as Asstt. Professor Physics, GGS Khalsa College, Sarhali (Tarn-Taran ), due to the procedural technical flaws having crept in the conduct of the enquiry into case of reported plagiarism against him, and the office order dated 23-3-2016 (**Appendix-3**), and also his recommendations to take a fresh decision in the matter as deemed fit.

After discussion,

**RESOLVED :**

**1.** That the Orders dated 16-3-2016 (**Appendix-1**) issued by the Vice Chancellor in anticipation of the approval of the Syndicate for reconsidering / recalling by it its decisions (para 48 of its meeting dated 18-11-2015 r/w para 34 of its meeting dated 31-12-2015), due to the procedural technical flaws having crept in the conduct of the enquiry into this case of reported plagiarism against Sh. Hardeep Singh Ghuman, Assistant Professor, Physics, thereby recalling / withdrawing office order dated 7-12-2015 (**Appendix-2**) cancelling approval of his appointment as Assistant Professor Physics, and also the office order dated 23-3-2016 (**Appendix-3**) issued consequent to order dated 16-3-2016 (**Appendix-1**), are hereby ratified & approved.

2. Further **RESOLVED** that consideration on the recommendations of the Vice Chancellor for taking a fresh decision as deemed fit for proceeding further in the matter, is hereby deferred. All concerned be informed of this decision.

**ਸਬੰਧਤ ਅਧਿਕਾਰੀਆਂ ਦੀ ਨਿਯੁਕਤੀ/ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।**

46. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਡਾ. ਡੈਰਿਕ ਏਂਜ਼ਲਸ, ਓ.ਐਸ.ਡੀ., ਗੁਰੂ ਨਾਨਕ ਦੇਵ ਯੂਨੀਵਰਸਿਟੀ, ਰਿਜਨਲ ਕੈਂਪਸ, ਫੱਤੂ ਢੀਂਗਾ (ਸੁਲਤਾਨਪੁਰ ਲੋਧੀ), ਜਿਨ੍ਹਾਂ ਦੀ ਨਿਯੁਕਤੀ ਦੀ ਮਿਆਦ ਮਿਤੀ 27.3.2017 ਨੂੰ ਖਤਮ ਹੋ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ 11 ਮਹੀਨੇ ਲਈ ਵਾਧਾ ਕੀਤਾ ਜਾਂਦਾ ਹੈ।

(ਅ) ਸ਼੍ਰੀ ਸੁਖਨੰਦਨ ਸਿੰਘ, ਉਪ-ਰਜਿਸਟਰਾਰ (ਮੁੜ-ਨਿਯੁਕਤ), ਲੇਖਾ ਸ਼ਾਖਾ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 30.4.2017 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਇਕ ਸਾਲ ਲਈ ਵਾਧਾ ਕੀਤਾ ਜਾਂਦਾ ਹੈ।

**ਸ਼੍ਰੀ ਸੰਜੀਵ ਸ਼ਰਮਾ, ਸੀਨੀਅਰ ਐਡਵੋਕੇਟ, ਚੰਡੀਗੜ੍ਹ ਨੂੰ** CWP No. 23365 of 2016 Prof. Lakhwinder Singh V/s Chancellor of Guru Nanak Dev University, Amritsar **ਦੇ ਕੇਸ ਵਿਚ ਫੀਸ ਦੀ ਅਦਾਇਗੀ ਕਰਨ ਦੀ ਪੁਸ਼ਟੀ।**

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ CWP No. 23365 of 2016 Prof. Lakhwinder Singh V/s Chancellor of Guru Nanak Dev University, Amritsar ਦਾ ਕੇਸ ਕੰਟੈਸਟ ਕਰਨ ਲਈ ਸ਼੍ਰੀ ਸੰਜੀਵ ਸ਼ਰਮਾ, ਸੀਨੀਅਰ ਐਡਵੋਕੇਟ, ਚੰਡੀਗੜ੍ਹ ਨੂੰ 67,000/- ਰੁਪਏ ਫੀਸ ਦੀ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਹੈ।

**ਭਾਈ ਗੁਰਦਾਸ ਲਾਇਬ੍ਰੇਰੀ ਦਾ ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪ੍ਰਵਾਨਗੀ।**

48. ਵਿਚਾਰ ਉਪਰੰਤ

**ਪਾਸ ਹੋਇਆ** ਕਿ ਭਾਈ ਗੁਰਦਾਸ ਲਾਇਬ੍ਰੇਰੀ ਵਿਖੇ ਵੱਖ-ਵੱਖ ਕੀਮਤ (ਕੁੱਲ 92,323.86/- ਰੁਪਏ) ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇਕੱਤਰਤਾ ਮਿਤੀ 23.2.2017 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਮੁੜ-ਨਿਯੁਕਤੀ/ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।**

49. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸ਼੍ਰੀ ਸਰਬਜੀਤ ਸਿੰਘ, ਨਿਗਰਾਨ (ਕਾਰਜ ਸੰਚਾਲਨ ਸ਼ਾਖਾ), ਜੋ ਕਿ ਮਿਤੀ 31.3.2017 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬਣਦੀ ਤਨਖਾਹ 'ਤੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ 89 ਦਿਨਾਂ ਲਈ ਮੁੜ-ਨਿਯੁਕਤ ਕੀਤਾ ਜਾਂਦਾ ਹੈ।

(ਅ) ਸ਼੍ਰੀ ਕਸ਼ਮੀਰ ਸਿੰਘ, ਫੋਟੋ-ਸਟੇਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ (ਮੁੜ-ਨਿਯੁਕਤ), ਗੁਪਤ ਸ਼ਾਖਾ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 13.3.2017 ਨੂੰ ਖਤਮ ਹੋ ਚੁੱਕੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ 89 ਦਿਨਾਂ ਲਈ ਵਾਧਾ ਕੀਤਾ ਜਾਂਦਾ ਹੈ।

(ੲ) ਸ਼੍ਰੀ ਜਸਵੰਤ ਸਿੰਘ, ਫੋਟੋ-ਸਟੇਟ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ (ਮੁੜ-ਨਿਯੁਕਤ), ਪ੍ਰੀਖਿਆ ਸ਼ਾਖਾ-3, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 6.3.2017 ਨੂੰ ਖਤਮ ਹੋ ਚੁੱਕੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ 89 ਦਿਨਾਂ ਲਈ ਵਾਧਾ ਕੀਤਾ ਜਾਂਦਾ ਹੈ।

**"Centre on Studies in Sri Guru Granth Sahib" ਨੂੰ ਜਾਰੀ ਰੱਖਣ ਦੀ ਪ੍ਰਵਾਨਗੀ।**

50. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਵਿਖੇ ਸਥਾਪਿਤ "Centre on Studies in Sri Guru Granth Sahib" ਜਿਸ ਦੀ ਪੰਜ ਸਾਲਾ ਮਿਆਦ ਮਿਤੀ 31.3.2016 ਨੂੰ ਖਤਮ ਹੋ ਚੁੱਕੀ ਹੈ ਅਤੇ ਇਸ ਸੈਂਟਰ ਨੂੰ ਚਲਦਿਆਂ ਰੱਖਣ ਵਾਸਤੇ ਯੂ.ਜੀ.ਸੀ. ਵੱਲੋਂ ਗਠਿਤ ਕਮੇਟੀ ਨੇ ਮਿਤੀ 12.12.2016 ਨੂੰ 'Mid Term Review' ਕਰ ਲਿਆ ਹੈ। ਇਸ ਸੈਂਟਰ ਵਾਸਤੇ ਜਿੰਨਾ ਚਿਰ ਤੱਕ ਯੂ.ਜੀ.ਸੀ. ਤੋਂ ਗ੍ਰਾਂਟ ਪ੍ਰਾਪਤ ਹੁੰਦੀ ਰਹੇਗੀ, ਉਨਾ ਚਿਰ ਇਸ ਸੈਂਟਰ ਦਾ ਖਰਚਾ ਇਸ ਗ੍ਰਾਂਟ ਵਿਚੋਂ ਕੀਤਾ ਜਾਵੇਗਾ ਅਤੇ ਇਸ ਉਪਰੰਤ ਇਸ ਸੈਂਟਰ ਦਾ ਸਾਰਾ ਖਰਚਾ ਯੂਨੀਵਰਸਿਟੀ ਵੱਲੋਂ ਆਪਣੇ ਤੌਰ 'ਤੇ ਸਹਿਣ ਕਰਨ ਸਬੰਧੀ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀ ਜਾਂਦੀ ਹੈ।

**ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਦੀ ਨਿਯੁਕਤੀ ਦੀ ਪੁਸ਼ਟੀ।**

51. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ:-

| **ਕ੍ਰਮ ਨੰ:** | **ਅਧਿਆਪਕ ਦਾ ਨਾਮ, ਅਹੁਦਾ ਅਤੇ ਵਿਭਾਗ** | **ਮੁਖੀ ਵਜੋਂ ਨਿਯੁਕਤੀ ਦੀ ਮਿਆਦ** |
|---|---|---|
| 1. | ਡਾ. ਜਗਰੂਪ ਸਿੰਘ, ਪ੍ਰੋਫੈਸਰ, ਰਾਜਨੀਤੀ ਸ਼ਾਸਤਰ ਵਿਭਾਗ | ਮਿਤੀ 18.11.2016 ਤੋਂ 31.12.2016 ਤੱਕ ਅਤੇ ਮਿਤੀ 1.1.2017 ਤੋਂ 14.9.2019 ਤੱਕ (60 ਸਾਲ ਦੀ ਉਮਰ ਹੋਣ ਤੱਕ) |

**ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 15.3.2017 ਦੀਆਂ ਸਿਫ਼ਾਰਸ਼ਾਂ ਦੀ ਪ੍ਰਵਾਨਗੀ।**

52. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 15.3.2017 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**UGC (Minimum Standards and Procedure for Award of M.Phil./ Ph.D. Degrees) Regulations, 2016 ਰਿਵਿਊ ਕਰਨ ਲਈ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

53. ਵਿਚਾਰ ਉਪਰੰਤ

**ਪਾਸ ਹੋਇਆ** ਕਿ UGC (Minimum Standards and Procedure for Award of M.Phil./ Ph.D. Degrees) Regulations, 2016 ਰਿਵਿਊ ਕਰਨ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਇੱਕਤਰਤਾਵਾਂ ਮਿਤੀ 24.1.2017 ਅਤੇ ਮਿਤੀ 15.3.2017 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**ਸ਼੍ਰੀ ਸੁਮਿਤ ਕੁਮਾਰ, ਪੀਐਚ.ਡੀ. ਸਕਾਲਰ (ਇਕਨਾਮਿਕਸ) ਨੂੰ ਪਿਛੜੀ ਸ਼੍ਰੇਣੀ ਦੀ ਕੈਟੇਗਰੀ ਅਧੀਨ ਮੰਨ ਕੇ ਮਾਸਟਰ ਡਿਗਰੀ ਵਿਚ 5% ਨੰਬਰਾਂ ਵਿਚ** relaxation **ਦੇ ਕੇ ਉਸਦਾ ਦਾਖਲਾ** continue **ਕਰਨ ਦੀ ਪ੍ਰਵਾਨਗੀ।**

54. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਸੁਮਿਤ ਕੁਮਾਰ, ਪੀਐਚ.ਡੀ. ਸਕਾਲਰ (ਇਕਨਾਮਿਕਸ) ਨੂੰ ਪਿਛੜੀ ਸ਼੍ਰੇਣੀ ਦੀ ਕੈਟੇਗਰੀ ਅਧੀਨ ਮੰਨ ਕੇ ਮਾਸਟਰ ਡਿਗਰੀ ਵਿਚ 5% ਨੰਬਰਾਂ ਵਿਚ relaxation ਦੇ ਕੇ ਉਸਦਾ ਦਾਖਲਾ continue ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਮਿਸ. ਪਲਕ ਬਖਸ਼ੀ, ਪੀਐਚ.ਡੀ. ਸਕਾਲਰ (ਬੋਟਨੀ) ਨੂੰ ਪੀਐਚ.ਡੀ. ਦੇ ਨਿਯਮਾਂ ਵਿਚ** relaxation **ਦੇ ਕੇ ਉਸਦਾ ਦਾਖਲਾ** continue **ਕਰਨ ਦੀ ਪ੍ਰਵਾਨਗੀ।**

55. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਸ. ਪਲਕ ਬਖਸ਼ੀ, ਪੀਐਚ.ਡੀ. ਸਕਾਲਰ (ਬੋਟਨੀ) ਨੂੰ Govt. of India, Ministry of Science and Technology, Deptt. of Science and Technology, New Delhi ਵੱਲੋਂ Inspire Fellowship award ਨਾ ਹੋਣ ਕਰਕੇ ਪੀਐਚ.ਡੀ. ਦੇ ਨਿਯਮਾਂ (**ਅੰਤਿਕਾ** ਅਨੁਸਾਰ) ਵਿਚ relaxation ਦੇ ਕੇ ਉਸਦਾ ਦਾਖਲਾ continue ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪ੍ਰਵਾਨਗੀ।**

56. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | Simmi Sharma | Design & Synthesis of β-Boswellic Acids Based Anti-cancer Leads and Development of New Synthetic Methods. | ਕੈਮਿਸਟਰੀ-ਸਾਇੰਸਜ਼ ਫੈਕਲਟੀ। |
| 2. | Sandeep Kaur | Flourescent Aggregates of Pentacenequinone/Perylene Bisimide Derivatives: Self-assembly, Sensing and Catalytic Applications. | - ਉਹੀ - |
| 3. | Subhamay Pramanik | Supramolecular Aggregates of AIEE Active Hexaphenylbenzene based Molecules: A Search for New Functional Nanomaterials. | - ਉਹੀ - |

**ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 169 'ਤੇ ਮੌਜੂਦ ਰੈਗੂਲੇਸ਼ਨਜ਼ ਵਿਚ ਸੋਧ ਕਰਨ ਦੀ ਪ੍ਰਵਾਨਗੀ।**

57. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 169 'ਤੇ ਮੌਜੂਦ ਰੈਗੂਲੇਸ਼ਨਜ਼ ਵਿਚ (**ਅੰਤਿਕਾ** ਅਨੁਸਾਰ) ਸੋਧ ਪ੍ਰਵਾਨ ਕੀਤੀ ਜਾਂਦੀ ਹੈ।

**ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 147 'ਤੇ ਸਟੈਚਿਊਟ 21 ਅਤੇ 22 ਵਿਚ ਕੀਤੀ ਗਈ ਸੋਧ ਰੱਦ ਕਰਨ ਦੀ ਪ੍ਰਵਾਨਗੀ।**

58. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 4.9.2012 ਦੇ ਪੈਰਾ 39(IV) (**ਅੰਤਿਕਾ-1**) ਰਾਹੀਂ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 147 'ਤੇ ਸਟੈਚਿਊਟ 21 ਅਤੇ 22 ਵਿਚ ਕੀਤੀ ਗਈ ਸੋਧ ਪ੍ਰਮੁੱਖ ਸਕੱਤਰ, ਰਾਜਪਾਲ, ਪੰਜਾਬ ਦੇ ਪੱਤਰ ਨੰ: PRB/5/5/08-2ਜੀ/854 ਮਿਤੀ 6.2.2017 (**ਅੰਤਿਕਾ-2**) ਰਾਹੀਂ ਅਪ੍ਰਵਾਨ ਕਰ ਦਿੱਤੀ ਗਈ ਹੈ, ਨੂੰ ਰੱਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**To consider the legal opinion dated 17-3-2017 (Appendix) of the University Standing Counsel about the petitioners' claims in their pending writ petitions in the High Court, i.e., CWP-11937-2015 –[Satnam Singh & Another] & CWP-18629-2015 –[Prem Lata and Ors.] for releasing enhanced salaries to them, and for revoking the decision of the Finance Committee ( vide a Note below para 5 of meeting dated 19-2-2016) as approved by the Syndicate (vide para 3 of meeting dated 8-3-2016) for not enhancing salary of employees having pending court cases.**

59. Considered the legal opinion dated 17-3-2017 (**Appendix**) of the University Standing Counsel about the petitioners' claims in their pending writ petitions in the High Court i.e., CWP-11937-2015 –[Satnam Singh & Another] & CWP-18629-2015 –[Prem Lata and Ors.] for releasing enhanced salaries to them, and for revoking the decision of the Finance Committee (vide a Note below para 5 of meeting dated 19-2-2016) as approved by the Syndicate (vide para 3 of meeting dated 8-3-2016) for not enhancing salary of employees having pending court cases :-

After discussion,

**RESOLVED :**

**1.** That the actions /orders of withholding of the enhancement of salaries of the two petitioners in CWP-11937-2015 –[Satnam Singh & Another] from 1-4-2011 onwards are **revoked**, and further the decision of the Finance Committee ( vide a Note below para 5 of meeting dated 19-2-2016) as approved by the Syndicate (vide para 3 of meeting dated 8-3-2016) for not enhancing salary of employees having pending court cases is hereby **revoked** in respect of all employees of the University by treating the said Note below para 5 of Finance Committee meeting dated 19-2-2016 as deleted by way of amendment in para 3 of proceedings of Syndicate meeting dated 8-3-2016 in that regard, and it is ordered to grant enhancement of salaries to these two employees-petitioners from 1-4-2011 onwards till-date at the rates decided by the syndicate for their posts amongst other employees of their lot ( ASSM College, Mukandpur) from time to time, and accordingly to release their consequent arrears of salaries.

**2.** That, consequently, the actions/orders of withholding of the enhancement of salaries of the 19 petitioners in CWP-18629-2015 –[Prem Lata and Ors.] from 1-4-2016 onwards are also hereby **revoked**, and it is **ordered** to grant enhancement of salaries to these 19 employees-petitioners from 1-4-2016 onwards till-date at

the rates decided by the syndicate for their posts amongst other employees of their lot ( ASSM College, Mukandpur) from time to time, and accordingly to release their consequent arrears of salaries.

3. Accordingly, further **RESOLVED** that the benefit of enhancement of salary and consequent arrears under this decision of treating the said Note below para 5 of Finance Committee meeting dated 19-2-2016 as deleted by way of amendment in para 3 of proceedings of Syndicate meeting dated 8-3-2016 in that regard as per para No.1 above, be granted to all other remaining University employees having pending court cases, if any.

**ਬੀ.ਪੀ.ਐਡ. ਚਾਰ ਸਾਲਾ ਕੋਰਸ ਦੇ ਅਧਿਆਦੇਸ਼ ਅਤੇ ਯੋਗਤਾ ਸ਼ਰਤ ਦੀ ਪ੍ਰਵਾਨਗੀ।**

60. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 8.2.2017 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਚੇਅਰਮੈਨ, ਬੋਰਡ ਆਫ ਸਟੱਡੀਜ਼ ਇਨ ਫਿਜ਼ੀਕਲ ਐਜੂਕੇਸ਼ਨ ਅਤੇ ਡੀਨ, ਫੈਕਲਟੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸੈਸ਼ਨ 2017-18 ਤੋਂ ਬੀ.ਪੀ.ਐਡ. ਚਾਰ ਸਾਲਾ ਕੋਰਸ ਦੇ ਅਧਿਆਦੇਸ਼ ਅਤੇ ਯੋਗਤਾ ਸ਼ਰਤ (**ਅੰਤਿਕਾ** ਅਨੁਸਾਰ) ਪ੍ਰਵਾਨ ਕੀਤੀ ਜਾਂਦੀ ਹੈ।

**ਡਾ. ਵਿਨੈ ਕਪੂਰ, ਪ੍ਰੋਫੈਸਰ, ਕਾਨੂੰਨ ਵਿਭਾਗ ਦੀ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਵਿਚ ਵਾਧਾ।**

61. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਵਿਨੈ ਕਪੂਰ, ਪ੍ਰੋਫੈਸਰ, ਕਾਨੂੰਨ ਵਿਭਾਗ, ਜਿਨ੍ਹਾਂ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 20.9.2016 ਦੇ ਪੈਰਾ 46 ਰਾਹੀਂ ਬਤੌਰ Member, State Information Commision, Punjab ਜੁਆਇੰਨ ਕਰਨ ਲਈ ਮਿਤੀ 8.9.2016 ਤੋਂ 7.9.2017 ਤੱਕ ਇਕ ਸਾਲ ਦੀ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਪ੍ਰਵਾਨ ਕੀਤੀ ਗਈ ਸੀ, ਦੀ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਵਿਚ ਮਿਤੀ 8.9.2017 ਤੋਂ ਹੋਰ ਦੋ ਸਾਲ ਲਈ ਵਾਧਾ ਕੀਤਾ ਜਾਂਦਾ ਹੈ।

**ਅੰਗਰੇਜ਼ੀ ਵਿਭਾਗ ਦੇ ਮੁਖੀ ਦੀ ਨਿਯੁਕਤੀ।**

62. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ, ਅਹੁਦਾ ਅਤੇ ਵਿਭਾਗ | ਮੁਖੀ ਵਜੋਂ ਨਿਯੁਕਤੀ ਦੀ ਮਿਆਦ |
|---|---|---|
| 1. | ਡਾ. ਯੂਬੀ ਗਿੱਲ, ਐਸੋਸੀਏਟ ਪ੍ਰੋਫੈਸਰ, ਅੰਗਰੇਜ਼ੀ ਵਿਭਾਗ | ਮਿਤੀ 13.4.2017 ਤੋਂ 30.6.2017 ਤੱਕ ਅਤੇ ਮਿਤੀ 1.7.2017 ਤੋਂ 30.6.2020 ਤੱਕ (ਤਿੰਨ ਸਾਲ ਲਈ) |

**ਸਬੰਧਤ ਅਧਿਆਪਕ ਨੂੰ ਵਿਦੇਸ਼ ਜਾਣ ਲਈ ਕਮਾਈ ਛੁੱਟੀ ਦੀ ਪੁਸ਼ਟੀ।**

63. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪ੍ਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਅਨੁਪਮ ਕੌਰ, ਪ੍ਰੋਫੈਸਰ ਅਤੇ ਮੁਖੀ, ਹਿਊਮਨ ਜੈਨੇਟਿਕਸ ਵਿਭਾਗ ਨੂੰ Personal ਕੰਮ ਲਈ ਸਿੰਘਾਪੁਰ ਜਾਣ ਲਈ ਮਿਤੀ 17.3.2017 ਤੋਂ 22.3.2017 ਤੱਕ 06 ਦਿਨਾਂ ਦੀ ਕਮਾਈ ਛੁੱਟੀ ਪ੍ਰਵਾਨ ਕੀਤੀ ਹੈ।

(ਅ) ਉਕਤ (ੳ) ਅਧੀਨ ਡਾ. ਅਨੁਪਮ ਕੌਰ ਦੀ ਛੁੱਟੀ ਦੌਰਾਨ ਵਿਭਾਗ ਦੇ ਨਿੱਤਾ ਪ੍ਰਤੀ ਦੇ ਕੰਮ ਦੀ ਜਿੰਮੇਵਾਰੀ ਡਾ. ਵਸੁਧਾ ਸੰਭਿਆਲ, ਪ੍ਰੋਫੈਸਰ ਨੂੰ ਸੌਂਪੀ ਹੈ।

**ਸ਼੍ਰੀ ਹਰਜਿੰਦਰ ਸਿੰਘ, ਸੀਨੀਅਰ ਸਹਾਇਕ (ਮੁੜ-ਨਿਯੁਕਤ), ਯੂਨੀਵਰਸਿਟੀ ਬਿਜ਼ਨੈਸ ਸਕੂਲ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।**

64. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ਼੍ਰੀ ਹਰਜਿੰਦਰ ਸਿੰਘ, ਸੀਨੀਅਰ ਸਹਾਇਕ (ਮੁੜ-ਨਿਯੁਕਤ), ਯੂਨੀਵਰਸਿਟੀ ਬਿਜ਼ਨੈਸ ਸਕੂਲ, ਜਿਨ੍ਹਾਂ ਦੀ ਮੁੜ-ਨਿਯੁਕਤੀ ਦੀ ਮਿਆਦ ਮਿਤੀ 3.4.2017 ਨੂੰ ਖਤਮ ਹੋ ਰਹੀ ਹੈ, ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 4.4.2017 ਤੋਂ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ 89 ਦਿਨਾਂ ਲਈ ਵਿਚ ਵਾਧਾ ਕੀਤਾ ਜਾਂਦਾ ਹੈ।

**ਡਾ. ਰਜਿੰਦਰ ਸਿੰਘ ਸੰਧੂ, ਅਸਿਸਟੈਂਟ ਪ੍ਰੋਫੈਸਰ (ਸਟੇਜ-III), ਪੋਲੀਟੀਕਲ ਸਾਇੰਸ ਵਿਭਾਗ ਦੀ ਤਨਖਾਹ ਫਿਕਸ ਕਰਨ ਦੀ ਪ੍ਰਵਾਨਗੀ।**

65. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 20.9.2016 ਦੇ ਪੈਰਾ ਨੰ: 85 ਰਾਹੀਂ ਡਾ. ਰਜਿੰਦਰ ਸਿੰਘ ਸੰਧੂ, ਐਸੋਸੀਏਟ ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਨੂੰ ਮਿਤੀ 15.11.2016 ਤੋਂ ਅਸਿਸਟੈਂਟ ਪ੍ਰੋਫੈਸਰ (ਸਟੇਜ-III) ਦੀ ਅਸਾਮੀ ‘ਤੇ ਰਿਵਰਟ ਕੀਤਾ ਗਿਆ ਸੀ, ਦੀ ਹੇਠ ਲਿਖੇ ਅਨੁਸਾਰ ਤਨਖਾਹ ਫਿਕਸ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. ਡਾ. ਰਜਿੰਦਰ ਸਿੰਘ ਸੰਧੂ, ਅਸਿਸਟੈਂਟ ਪ੍ਰੋਫੈਸਰ (ਸਟੇਜ-III), ਪੋਲੀਟੀਕਲ ਸਾਇੰਸ ਵਿਭਾਗ ਦੀ ਤਨਖਾਹ ਮਿਤੀ 15.11.2016 ਨੂੰ 39450+8000AGP=47450/- ਰੁਪਏ ਫਿਕਸ ਕੀਤੀ ਜਾਵੇ।
2. ਡਾ. ਰਜਿੰਦਰ ਸਿੰਘ ਸੰਧੂ, ਅਸਿਸਟੈਂਟ ਪ੍ਰੋਫੈਸਰ (ਸਟੇਜ-III), ਪੋਲੀਟੀਕਲ ਸਾਇੰਸ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ ਵਜੋਂ ਦਿੱਤੀ ਗਈ ਤਨਖਾਹ ‘ਤੇ ਕੋਈ ਰਿਕਵਰੀ ਨਾ ਕੀਤੀ ਜਾਵੇ।

**ਅਧਿਆਪਕਾਂ ਦੇ ਸਟੱਡੀ ਲੀਵ ਦੇ ਕੇਸਾਂ ਲਈ ਐਡਵਾਈਜ਼ਰੀ ਕਮੇਟੀ ਗਠਿਤ ਕਰਨ ਸਬੰਧੀ।**

66. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 73 ਉਤੇ ਸਟੈਚਿਊਟ 91(ii) ਅਧੀਨ ਅਧਿਆਪਕਾਂ ਦੇ ਸਟੱਡੀ ਲੀਵ ਦੇ ਕੇਸਾਂ ਨੂੰ ਵਿਚਾਰਨ ਹਿਤ ਮਿਤੀ 1.7.2017 ਤੋਂ 30.6.2018 ਤੱਕ, ਇਕ ਸਾਲ ਲਈ ਹੇਠ ਲਿਖੀ ਐਡਵਾਈਜ਼ਰੀ ਕਮੇਟੀ ਗਠਿਤ ਕੀਤੀ ਜਾਂਦੀ ਹੈ:-

1. ਡੀਨ, ਵਿਦਿਅਕ ਮਾਮਲੇ
2. ਡੀਨ, ਸਬੰਧਿਤ ਫੈਕਲਟੀ

3. ਡਾਇਰੈਕਟਰ ਰਿਸਰਚ
4. ਰਜਿਸਟਰਾਰ
5. ਮੁਖੀ, ਸਬੰਧਤ ਟੀਚਿੰਗ ਵਿਭਾਗ
6. ਸੀਨੀਅਰ ਮੋਸਟ ਪ੍ਰੋਫੈਸਰ, ਸਬੰਧਤ ਟੀਚਿੰਗ ਵਿਭਾਗ
7. ਡਾ. ਸੁਬੋਧ ਕੁਮਾਰ, ਪ੍ਰੋਫੈਸਰ, ਕੈਮਿਸਟਰੀ ਵਿਭਾਗ।

**ਯੂਨੀਵਰਸਿਟੀ ਕੈਲੰਡਰ ਜਿਲਦ ਚੌਥੀ ਦੇ ਪੰਨਾ 318 'ਤੇ ਮੌਜੂਦ ਚੈਪਟਰ** (VI) (i) Refresher Courses and Conferences **ਵਿਚ ਸੋਧ ਕਰਨ ਦੀ ਪ੍ਰਵਾਨਗੀ।**

67. ਉਪ-ਕੁਲਪਤੀ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ ਜਿਲਦ ਚੌਥੀ ਦੇ ਪੰਨਾ 318 'ਤੇ ਮੌਜੂਦ ਚੈਪਟਰ (VI) (i) Refresher Courses and Conferences ਵਿਚ (**ਅੰਤਿਕਾ** ਅਨੁਸਾਰ) ਸੋਧ ਪ੍ਰਵਾਨ ਕੀਤੀ ਜਾਂਦੀ ਹੈ।

**ਯੂਨੀਵਰਸਿਟੀ ਕੈਲੰਡਰ ਜਿਲਦ ਚੌਥੀ ਦੇ ਪੰਨਾ 277 'ਤੇ ਮੌਜੂਦ ਚੈਪਟਰ** (xviii) Payment to Scrutineers of Examination Results **ਵਿਚ ਸੋਧ ਕਰਨ ਦੀ ਪ੍ਰਵਾਨਗੀ।**

68. ਉਪ-ਕੁਲਪਤੀ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ ਜਿਲਦ ਚੌਥੀ ਦੇ ਪੰਨਾ 277 'ਤੇ ਮੌਜੂਦ ਚੈਪਟਰ (xviii) Payment to Scrutineers of Examination Results ਵਿਚ (**ਅੰਤਿਕਾ** ਅਨੁਸਾਰ) ਸੋਧ ਪ੍ਰਵਾਨ ਕੀਤੀ ਜਾਂਦੀ ਹੈ।

**ਵਿਤੀ ਸਾਲ 2017-18 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 20.2.2017 ਦੀਆਂ ਸਿਫਾਰਸ਼ਾਂ ਦੀ ਪ੍ਰਵਾਨਗੀ।**

69. ਵਿਤੀ ਸਾਲ 2017-18 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 20.2.2017 ਦੀਆਂ ਸਿਫਾਰਸ਼ਾਂ ਉੱਤੇ **ਅੰਤਿਕਾ** ਅਨੁਸਾਰ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਵਿੱਤੀ ਸਾਲ 2017-18 ਦੇ ਬੱਜਟ ਅਨੁਮਾਨ ਸਬੰਧੀ ਵੇਰਵਾ ਦੱਸਿਆ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

**ਸਾਲ 2016-17 ਦਾ ਲੇਖਾ ਜੋਖਾ**

ਸਾਲ 2016-17 ਦਾ ਮੂਲ ਬਜਟ 75 ਕਰੋੜ 07 ਲੱਖ 84 ਹਜ਼ਾਰ ਰੁਪਏ ਦੀ ਵਾਫਰ (surplus) ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਵਾਫਰ (surplus) ਮੁਢਲੀ ਬਕਾਇਆ ਵੱਧ ਕੇ 126 ਕਰੋੜ 58 ਲੱਖ 99 ਹਜ਼ਾਰ ਰੁਪਏ ਹੋਵੇਗਾ। ਸਾਲ 2016-17 ਦਾ ਮੂਲ ਬਜਟ 378 ਕਰੋੜ 20 ਲੱਖ 59 ਹਜ਼ਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਖਰਚੇ ਨੂੰ ਘਟਾ ਕੇ ਸੋਧੇ ਬਜਟ ਅਨੁਮਾਨਾਂ ਵਿਚ 324 ਕਰੋੜ 64 ਲੱਖ 23 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਦੇ ਅੰਤ ਤੱਕ ਪੰਜਾਬ ਸਰਕਾਰ

ਵਲੋਂ ਬਤੌਰ ਨਿਰਬਾਹ ਗ੍ਰਾਂਟ ਸਮੇਤ ਕਾਂਸਟੀਚਿਊਂਟ ਕਾਲਜਿਜ਼ 49 ਕਰੋੜ 54 ਲੱਖ 85 ਹਜ਼ਾਰ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਯੂਨੀਵਰਸਿਟੀ ਦੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 185 ਕਰੋੜ 86 ਲੱਖ 83 ਹਜ਼ਾਰ ਰੁਪਏ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 174 ਕਰੋੜ 91 ਲੱਖ 47 ਹਜ਼ਾਰ ਰੁਪਏ ਹੋਣ ਦੀ ਆਸ ਹੈ। ਇਸ ਸਾਲ ਆਮਦਨ ਵਿਚ ਕਮੀ ਯੂਨੀਵਰਸਿਟੀ ਵਿਖੇ ਟੈਕਨੀਕਲ ਕੋਰਸਾਂ ਵਿਚ ਵਿਦਿਆਰਥੀਆਂ ਦੇ ਘੱਟ ਦਾਖਲ ਹੋਣ ਕਾਰਨ ਆਈ ਹੈ। ਇਸ ਤਰ੍ਹਾਂ ਸਾਲ 2016-17 ਦੌਰਾਨ ਆਪਣੇ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਵਿਚ ਤਕਰੀਬਨ 11 ਕਰੋੜ ਰੁਪਏ ਦੀ ਕਮੀ ਆਉਣ ਕਾਰਨ ਅਤੇ ਖਰਚੇ ਵਿਚ ਤਕਰੀਬਨ 54 ਕਰੋੜ ਰੁਪਏ ਦੀ ਕਮੀ ਕਰਦਿਆਂ ਹੋਇਆਂ ਸਾਲ 2016-17 ਦੇ ਬਜਟ ਦਾ ਅੰਤ 26 ਕਰੋੜ 41 ਲੱਖ 08 ਹਜ਼ਾਰ ਰੁਪਏ ਦੀ ਵਾਫਰ (surplus) ਰਕਮ ਨਾਲ ਕੀਤਾ ਗਿਆ ਹੈ।

<u>ਸਾਲ 2017-18 ਦੇ ਬਜਟ ਅਨੁਮਾਨ</u>

ਸਾਲ 2017-18 ਦਾ ਬਜਟ 26 ਕਰੋੜ 41 ਲੱਖ 08 ਹਜ਼ਾਰ ਰੁਪਏ ਦੀ ਵਾਫਰ (surplus) ਰਕਮ ਨਾਲ ਸ਼ੁਰੂ ਹੁੰਦਾ ਹੈ। ਸਾਲ 2017-18 ਦੌਰਾਨ ਪ੍ਰਵਾਨਿਤ ਅਸਾਮੀਆਂ ਦੀ ਸੈਲਰੀ ਦਾ ਅਨੁਮਾਨਤ ਖਰਚਾ 207 ਕਰੋੜ ਰੁਪਏ ਸਲਾਨਾ ਦਾ ਹੋਵੇਗਾ। ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਜਾਣ ਵਾਲੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਅਤੇ 30 ਕਰੋੜ ਰੁਪਏ ਦੀ ਰਾਸ਼ੀ ਸੋਧੇ ਜਾਣ ਵਾਲੇ ਤਨਖਾਹ ਸਕੇਲਾਂ ਲਈ ਬਜਟ ਵਿਚ ਸ਼ਾਮਲ ਕੀਤੀ ਗਈ ਹੈ। ਕੁਲ ਮਿਲਾ ਕੇ ਖਰਚੇ ਦੀ ਰਕਮ 438 ਕਰੋੜ 87 ਲੱਖ 81 ਹਜ਼ਾਰ ਰੁਪਏ ਹੋਵੇਗੀ।

ਸਾਲ 2017-18 ਦੌਰਾਨ ਪੰਜਾਬ ਸਰਕਾਰ ਵਲੋਂ ਬਤੌਰ ਨਿਰਬਾਹ ਗ੍ਰਾਂਟ ਸਮੇਤ ਕਾਂਸਟੀਚਿਊਂਟ ਕਾਲਜਿਜ਼ 49 ਕਰੋੜ 54 ਲੱਖ 85 ਹਜ਼ਾਰ ਰੁਪਏ ਪ੍ਰਾਪਤ ਹੋਣ ਦੀ ਆਸ ਹੈ। ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 185 ਕਰੋੜ 50 ਲੱਖ 84 ਹਜ਼ਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁਲ 235 ਕਰੋੜ 5 ਲੱਖ 69 ਹਜ਼ਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ।

ਇਸ ਤਰ੍ਹਾਂ ਸਾਲ 2017-18 ਦੇ ਬਜਟ ਵਿਚ 177 ਕਰੋੜ 41 ਲੱਖ 4 ਹਜ਼ਾਰ ਰੁਪਏ ਦੇ ਘਾਟੇ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿੱਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਮ੍ਹਣੇ ਰੱਖ ਕੇ ਕੀਤਾ ਜਾਵੇ।

ਸਾਲ 2017-18 ਦੇ ਬਜਟ ਅਨੁਮਾਨ ਦੀ ਕੁਲ 438 ਕਰੋੜ 87 ਲੱਖ 81 ਹਜ਼ਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:

| | | |
|---|---|---|
| 1) | ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿਖਿਆ ਦਾ ਸੁਧਾਰ | 51.99 % |
| 2) | ਨਾਨ-ਟੀਚਿੰਗ ਵਿਭਾਗ (ਹੋਸਟਲ, ਪਬਲੀਕੇਸ਼ਨ, ਐਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 12.17 % |
| 3) | ਜਨਰਲ ਐਡਮਿਨੀਸਟਰੇਸ਼ਨ | 10.29 % |
| 4) | ਪ੍ਰੀਖਿਆਵਾਂ ਦਾ ਸੰਚਾਲਨ | 4.51 % |
| 5) | ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ) (ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨੀਕਰਨ) | 14.06 % |
| 6) | ਇਮਾਰਤਾਂ ਦੀ ਉਸਾਰੀ | 6.98 % |

ਸਾਲ 2016-17 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 4 ਕਰੋੜ 79 ਲੱਖ 44 ਹਜ਼ਾਰ ਰੁਪਏ ਦੀ ਟਿਊਸ਼ਨ ਫੀਸ (Full/Half) ਦਾ ਕਨਸੈਸ਼ਨ ਦਿੱਤਾ ਗਿਆ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 11 ਲੱਖ 86 ਹਜ਼ਾਰ ਰੁਪਏ ਦੀ ਰਾਸ਼ੀ ਰਲੀਜ਼ ਕੀਤੀ ਗਈ। "Post Matric Scholarship to SC student" ਸਕੀਮ ਅਧੀਨ ਅਨੁਸੂਚਿਤ ਜਾਤੀ ਦੇ 1092 ਵਿਦਿਆਰਥੀਆਂ ਦਾ 6 ਕਰੋੜ 16 ਲੱਖ 81 ਹਜ਼ਾਰ ਰੁਪਏ ਦਾ ਫੀਸ ਕਲੇਮ ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ। ਇਸ ਤਰ੍ਹਾਂ "Post Matric Scholarship to OBC student" ਸਕੀਮ ਅਧੀਨ ਹੋਰ ਪਛੜੀ ਜਾਤੀਆਂ ਦੇ ਕੁਲ 55 ਵਿਦਿਆਰਥੀਆਂ ਦਾ 35 ਲੱਖ 13 ਹਜ਼ਾਰ ਰੁਪਏ ਦਾ ਕੁਲ ਕਲੇਮ (ਫੀਸ ਅਤੇ ਵਜ਼ੀਫਾ) ਪੰਜਾਬ ਸਰਕਾਰ ਨੂੰ ਭੇਜਿਆ ਜਾ ਚੁੱਕਾ ਹੈ। ਇਸ ਤੋਂ ਛੁੱਟ "Post Matric Scholarship to Minority Community & Merit cum Means" ਸਕੀਮ ਅਧੀਨ ਲਗਭਗ 200 ਵਿਦਿਆਰਥੀਆਂ ਦੇ ਫਾਰਮ ਆਨਲਾਈਨ ਸਰਕਾਰ ਪਾਸ ਭੇਜੇ ਜਾ ਚੁੱਕੇ ਹਨ। ਯੂਨੀਵਰਸਿਟੀ ਵਲੋਂ ਗਰੀਬ ਵਰਗ ਦੇ ਵਿਦਿਆਰੀਥਆਂ ਦੀ ਹਰ ਪੱਖ ਤੋਂ ਮਦਦ ਕਰਨ ਦੀ ਕੋਸ਼ਿਸ ਕੀਤੀ ਜਾ ਰਹੀ ਹੈ ਤਾਂ ਜੋ ਉਚੇਰੀ ਵਿਦਿਆ ਹਾਸਲ ਕਰਕੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾ ਸਕਣ।

ਵਿਦਿਆਰਥੀਆਂ ਨੂੰ ਕਿੱਤਾ-ਮੁਖੀ ਕੋਰਸਾਂ ਵਿਚ ਵੱਧ ਤੋਂ ਵੱਧ ਮੌਕੇ ਪ੍ਰਾਪਤ ਹੋਣ ਦੇ ਮੰਤਵ ਨਾਲ ਯੂਨੀਵਰਸਿਟੀ ਵਿਖੇ ਸਥਾਪਿਤ ਕੀਤੇ ਜਾ ਰਹੇ University Institute of Technology (UIT) ਲਈ ਸਾਲ 2017-18 ਦੇ ਬਜਟ ਵਿਚ Civil, Mechanical, Electrical ਅਤੇ Chemical Engineering ਦੇ ਵਿਭਾਗਾਂ ਲਈ ਅਸਾਮੀਆਂ ਅਤੇ ਹੋਰ ਦੂਸਰੀਆਂ ਵਿੱਤੀ ਵਿਵਸਥਾਵਾਂ ਕੀਤੀਆਂ ਗਈਆਂ ਹਨ।

ਸਾਲ 2016 ਦੌਰਾਨ (ਮਿਤੀ 01-01-2016 ਤੋਂ ਮਿਤੀ 31-12-2016 ਤੱਕ) ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾਂ ਵਿਚੋਂ ਵਿਦਿਆ ਪ੍ਰਾਪਤ ਕਰਨ ਉਪਰੰਤ ਕੁਲ 674 ਵਿਦਿਆਰਥੀਆਂ ਦੀ ਪਲੇਸਮੈਂਟ ਭਾਰਤ ਅਤੇ ਵਿਦੇਸ਼ਾਂ ਦੀਆਂ ਉੱਚੀਆਂ ਕੰਪਨੀਆਂ ਵਿਚ ਹੋਈ ਹੈ।

ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਯਤਨਾਂ ਸਦਕਾ ਯੂਨੀਵਰਸਿਟੀ ਨੇ ਕਾਨਪੁਰ ਵਿਖੇ ਆਯੋਜਿਤ ਹੋਏ ਨਾਰਥ ਜ਼ੋਨ ਅੰਤਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿਚ ਓਵਰਆਲ ਰਨਰਜ਼-ਅੱਪ ਟਰਾਫੀ ਅਤੇ ਸੰਗੀਤ ਟਰਾਫੀ ਜਿੱਤੀ। ਇਸ ਤੋ ਇਲਾਵਾ ਕੋਹਲਾਪੁਰ ਵਿਖੇ ਆਯੋਜਿਤ ਹੋਏ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿਚ ਓਵਰਆਲ ਸੈਕੰਡ ਰਨਰਜ਼-ਅੱਪ ਟਰਾਫੀ ਅਤੇ ਸੰਗੀਤ ਟਰਾਫੀ ਜਿੱਤੀ।

ਯੂਨੀਵਰਸਿਟੀ ਅਤੇ ਇਸ ਦੇ ਕਾਲਜ ਵਿਦਿਆਰਥੀਆਂ ਵਲੋਂ ਖੇਡਾਂ ਦੇ ਖੇਤਰ ਵਿੱਚ ਵੀ ਮੱਲਾਂ ਮਾਰੀਆਂ ਜਾ ਰਹੀਆਂ ਹਨ। ਰਾਇਪੁਰ ਵਿਚ ਮਿਤੀ 11-14 ਜਨਵਰੀ, 2017 ਨੂੰ ਹੋਏ Senior National Fencing (M&W) Championship ਵਿਚ 3 ਸੋਨੇ ਦੇ, 6 ਚਾਂਦੀ ਦੇ ਅਤੇ 3 ਕਾਂਸੇ ਦੇ ਤਗਮੇ ਜਿੱਤੇ। ਇਸ ਤੋਂ ਇਲਾਵਾ ਚੇਨਈ ਵਿਚ ਮਿਤੀ 26-28 ਫਰਵਰੀ ਨੂੰ ਹੋਈ Senior National Judo (M&W) Championship ਵਿਚ 1 ਸੋਨੇ ਦਾ ਅਤੇ 2 ਕਾਂਸੇ ਦੇ ਤਗਮੇ ਜਿੱਤੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਮਿਤੀ 23-26 ਫਰਵਰੀ, 2017 ਨੂੰ ਹੋਈ All India Inter-University Power Lifting (M&W) Championship ਵਿਚ ਇਸ ਯੂਨੀਵਰਸਿਟੀ ਦੇ ਖਿਡਾਰੀਆਂ ਵਲੋਂ 2 ਕਾਂਸੇ ਦੇ ਤਗਮੇ ਜਿੱਤੇ।

ਯੂਨੀਵਰਸਿਟੀ ਨੂੰ UPE ਦਾ Status ਪ੍ਰਾਪਤ ਹੋਣ ਕਰਕੇ ਇਸ ਵੇਲੇ ਲਗਭਗ 240 Full-Time Non NET Ph.D. Scholars, ਜਿਨ੍ਹਾਂ ਨੂੰ ਕਿਸੇ ਹੋਰ ਸੋਮੇ ਤੋਂ Fellowship ਨਹੀਂ ਮਿਲ ਰਹੀ, ਨੂੰ 8000 ਰੁਪਏ ਪ੍ਰਤੀ ਮਹੀਨਾ ਦੀ Fellowship ਅਤੇ 10000 ਰੁਪਏ ਸਾਇੰਸ ਵਿਸ਼ੇ ਅਤੇ 8000 ਰੁਪਏ ਆਰਟਸ ਵਿਸ਼ੇ ਲਈ ਪ੍ਰਤੀ ਸਾਲ Contingency ਦਿੱਤੀ ਜਾ ਰਹੀ ਹੈ।

ਯੂਨੀਵਰਸਿਟੀ ਨੂੰ ਬਾਹਰਵੀਂ ਪਲਾਨ ਅਧੀਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ Development Assistance Scheme ਵਾਸਤੇ 26 ਕਰੋੜ 31 ਲੱਖ ਰੁਪਏ

ਦੀ ਰਾਸ਼ੀ ਐਲੋਕੇਟ ਕੀਤੀ ਗਈ ਹੈ। ਜਿਸ ਵਿਚ 10 ਕਰੋੜ ਰੁਪਏ ਦੀ ਰਾਸ਼ੀ Non-NET Ph.D. Research Scholar ਦੀ Fellowship/Contingency ਲਈ ਸ਼ਾਮਲ ਹੈ। 26 ਕਰੋੜ 31 ਲੱਖ ਰੁਪਏ ਦੀ ਪ੍ਰਵਾਨਤ ਰਾਸ਼ੀ ਵਿਚੋਂ ਸਾਲ 2012-13 ਅਤੇ 2013-14 ਦੌਰਾਨ 10 ਕਰੋੜ 52 ਲੱਖ 40 ਹਜਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। UGC ਵਲੋਂ ਸਾਲ 2015-16 ਦੌਰਾਨ 10 ਕਰੋੜ 52 ਲੱਖ 40 ਹਜਾਰ ਰੁਪਏ ਦੀ ਅਗਲੀ ਕਿਸ਼ਤ ਵੀ ਪ੍ਰਾਪਤ ਹੋ ਚੁੱਕੀ ਹੈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ DRS-SAP ਸਕੀਮ (01-04-2015 ਤੋਂ 31-03-2020) ਤਹਿਤ ਸਾਲ 2015-16 ਦੌਰਾਨ Botanical & Environmental Sciences ਵਿਭਾਗ ਨੂੰ 1 ਕਰੋੜ 7 ਲੱਖ ਰੁਪਏ ਅਤੇ Physics ਵਿਭਾਗ ਨੂੰ 64 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ SAP DRS III ਸਕੀਮ ਤਹਿਤ ਸਾਲ 2015-16 ਦੌਰਾਨ Punjab School of Economics ਨੂੰ 90 ਲੱਖ 50 ਹਜ਼ਾਰ ਰੁਪਏ, School of Punjabi Studies ਨੂੰ 61 ਲੱਖ 95 ਹਜ਼ਾਰ ਰੁਪਏ ਅਤੇ Sociology ਵਿਭਾਗ ਨੂੰ 84 ਲੱਖ ਰੁਪਏ ਦੀ ਗ੍ਰਾਂਟ ਪਰਵਾਨ ਹੋਈ ਹੈ। Zoology ਵਿਭਾਗ ਨੂੰ ਸਾਲ 2016-17 ਦੌਰਾਨ 80 ਲੱਖ ਰੁਪਏ ਅਤੇ University Business School ਨੂੰ 33 ਲੱਖ 75 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ ਜੀ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ CAS-II Under SAP ਸਕੀਮ (01-04-2015 ਤੋਂ 31-03-2020) ਤਹਿਤ ਸਾਲ 2015-16 ਦੌਰਾਨ Chemistry ਵਿਭਾਗ ਨੂੰ ਬਜਟ ਮੱਦ "Recurring Grant" ਸਬੰਧੀ 10 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਬਜਟ ਮੱਦ "Non-Recurring Grant" ਸਬੰਧੀ 2 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਸਾਲ 2016-17 ਵਿੱਚ ਪ੍ਰਾਪਤ ਹੋ ਚੁੱਕੀ ਹੈ।

ਵੱਖ ਵੱਖ ਵਿਭਾਗਾਂ ਵਿਚ ਕੰਮ ਕਰ ਰਹੇ ਅਧਿਆਪਕ ਸਾਹਿਬਾਨਾਂ ਨੂੰ ਵੱਖ ਵੱਖ ਏਜੰਸੀਆਂ ਵਲੋਂ ਪ੍ਰੋਜੈਕਟਾਂ ਲਈ ਇਸ ਸਾਲ (2016-17) ਦੌਰਾਨ 24 ਕਰੋੜ 2 ਲੱਖ 46 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

ਵੱਖ-ਵੱਖ Funding Agencies ਪਾਸੋਂ ਅੱਲਗ-ਅਲੱਗ ਸਕੀਮਾਂ ਅਧੀਨ ਪ੍ਰਾਪਤ ਗ੍ਰਾਂਟਾਂ ਵਿੱਚ ਲੱਗਭਗ 500 Research Scholars ਵੱਖ-ਵੱਖ ਵਿਸ਼ਿਆਂ ਤੇ Research ਦਾ ਕੰਮ ਕਰ ਰਹੇ ਹਨ।

ਯੂ.ਜੀ.ਸੀ. ਵਲੋਂ Human Resource Development Centre ਲਈ ਪ੍ਰਵਾਨਿਤ 1 ਕਰੋੜ ਰੁਪਏ ਪ੍ਰਤੀ ਸਾਲ ਦੀ ਗ੍ਰਾਂਟ ਵਿਚੋਂ ਸਾਲ 2015-16 ਦੌਰਾਨ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਸਾਲ 2015-16 ਦੀ 50 ਲੱਖ ਅਤੇ 2016-17 ਦੀ 1 ਕਰੋੜ ਦੀ ਰੁਪਏ ਗ੍ਰਾਂਟ ਯੂ.ਜੀ.ਸੀ. ਤੋਂ ਅਜੇ ਆਉਣ ਵਾਲੀ ਹੈ।

RUSA ਸਕੀਮ ਅਧੀਨ ਯੂਨੀਵਰਸਿਟੀ ਨੂੰ ਪ੍ਰਵਾਨ ਹੋਈ 10 ਕਰੋੜ ਰੁਪਏ ਦੀ ਗ੍ਰਾਂਟ ਵਿਚੋਂ ਕੁਲ 7 ਕਰੋੜ 50 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋ ਚੁੱਕੀ ਹੈ। ਜਿਸ ਵਿਚੋ ਲੜਕਿਆਂ ਦੇ ਹੋਸਟਲ ਦੀ ਉਸਾਰੀ ਵਾਸਤੇ 3 ਕਰੋੜ 50 ਲੱਖ, ਪ੍ਰਬੰਧਕੀ ਬਲਾਕ ਦੀ Renovation ਅਤੇ Up-gradation ਵਾਸਤੇ 55 ਲੱਖ ਰੁਪਏ, ਭਾਈ ਗੁਰਦਾਸ ਲਾਈਬ੍ਰੇਰੀ ਦੀ Renovation ਅਤੇ Up-gradation ਵਾਸਤੇ 1 ਕਰੋੜ 50 ਲੱਖ ਰੁਪਏ, Research Journals ਦੀ ਖ੍ਰੀਦ ਲਈ 70 ਲੱਖ ਰੁਪਏ, ਨਵੀਆਂ ਕਿਤਾਬਾਂ ਦੀ ਖ੍ਰੀਦ ਲਈ 65 ਲੱਖ ਰੁਪਏ ਅਤੇ Sports ਵਿਭਾਗ ਲਈ equipments ਦੀ ਖ੍ਰੀਦ ਲਈ 60 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।

UGC ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੀ ਸਥਾਪਨਾ ਲਈ 5 ਸਾਲ ਵਾਸਤੇ ਗ੍ਰਾਂਟ ਪ੍ਰਾਪਤ ਹੋਈ ਸੀ ਜਿਸ ਦੀ ਮਿਆਦ ਮਿਤੀ 31-3-2016 ਨੂੰ

ਖਤਮ ਹੋ ਚੁੱਕੀ ਹੈ। ਯੂਨੀਵਰਸਿਟੀ ਦੁਆਰਾ ਬੇਨਤੀ ਕਰਨ ਉਪੰਰਤ ਇਸ ਦੀ ਬਕਾਇਆ ਰਾਸ਼ੀ ਨੂੰ Mid Term Review ਤੱਕ ਵਰਤਣ ਦੀ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ। UGC ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦਾ Mid-Term-Review ਕਰਨ ਵਾਸਤੇ Inspection Committee ਗਠਿਤ ਕੀਤੀ ਗਈ ਸੀ। UGC ਵੱਲੋਂ ਗਠਿਤ Inspection Committee ਨੇ ਮਿਤੀ 12-12-2016 ਨੂੰ ਸੈਂਟਰ ਦਾ Mid-Term-Review ਕਰ ਲਿਆ ਹੈ।ਕਮੇਟੀ ਦੀਆਂ ਸਿਫਾਰਿਸ਼ਾਂ ਨੂੰ ਮੁੱਖ ਰੱਖਦੇ ਹੋਏ UGC ਵੱਲੋਂ ਕੇਂਦਰ ਦੀ ਮਿਆਦ ਵਿੱਚ ਵਾਧੇ ਸਬੰਧੀ ਨਿਰਣਾ ਲਿਆ ਜਾਣਾ ਹੈ।

Ministry of Social Justice & Empowerment, New Delhi ਵੱਲੋਂ Babu Jagjivan Ram Chhatrawas Yojana ਤਹਿਤ ਇੱਕ SC Girls Hostel ਵਾਸਤੇ 3 ਕਰੋੜ ਰੁਪਏ ਦੀ ਅਤੇ ਇੱਕ SC Boys Hostel ਵਾਸਤੇ 1 ਕਰੋੜ 35 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਕੀਤੀ ਗਈ ਹੈ ਜਿਸ ਵਿੱਚੋਂ 1 ਕਰੋੜ 50 ਲੱਖ ਰੁਪਏ ਦੀ ਗ੍ਰਾਂਟ SC Girls Hostel ਵਾਸਤੇ ਅਤੇ 40 ਲੱਖ 66 ਹਜ਼ਾਰ ਰੁਪਏ ਦੀ ਗ੍ਰਾਂਟ SC Boys Hostel ਵਾਸਤੇ ਪ੍ਰਾਪਤ ਹੋ ਚੁੱਕੀ ਹੈ।

Department of Science and Technology, Goverment of India, New Delhi ਵਲੋਂ DST, Purse Programme 2nd Phase ਅਧੀਨ 17 ਕਰੋੜ 05 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ ਜੀ। Media Lab Asia Mumbai ਵਲੋਂ "Visvervasaya Ph.D Scheme for Electronics and IT" ਸਕੀਮ ਅਧੀਨ ਪੰਜ ਸਾਲ ਲਈ 4 Full Time Ph.D Scholoars ਲਈ 1 ਕਰੋੜ 27 ਲੱਖ 07 ਹਜ਼ਾਰ ਰੁਪਏ ਦੀ ਗ੍ਰਾਂਟ ਪ੍ਰਵਾਨ ਹੋਈ ਹੈ।

UGC, New Delhi ਵਲੋਂ 'Development of Sports Infrastructure & Equipment in Universities' ਸਕੀਮ ਤਹਿਤ 100 Bedded Sports Hostel ਵਾਸਤੇ 1 ਕਰੋੜ 50 ਲੱਖ ਰੁਪਏ ਦੀ ਗ੍ਰਾਂਟ sanction ਕੀਤੀ ਗਈ ਸੀ ਜਿਸ ਵਿੱਚੋਂ 75 ਲੱਖ ਰੁਪਏ ਦੀ ਗ੍ਰਾਂਟ ਵਿੱਤੀ ਸਾਲ 2015-16 ਦੌਰਾਨ ਅਤੇ 60 ਲੱਖ ਰੁਪਏ ਦੀ ਗ੍ਰਾਂਟ ਸਾਲ 2016-17 ਦੌਰਾਨ ਪ੍ਰਾਪਤ ਹੋ ਚੁੱਕੀ ਹੈ।

ਪੰਜਾਬ ਸਰਕਾਰ ਵਲੋਂ ਯੂਨੀਵਰਸਿਟੀ ਨੂੰ ਪਹਿਲਾਂ ਤੋਂ ਅਲਾਟ ਕੀਤੇ ਗਏ 6 ਕਾਂਸਟੀਚਿਊਂਟ ਕਾਲਜ ਵਧੀਆ ਤਰੀਕੇ ਨਾਲ ਚਲ ਰਹੇ ਹਨ। ਸਾਲ 2016-17 ਦੌਰਾਨ ਯੂਨੀਵਰਸਿਟੀ ਨੂੰ 5 ਨਵੇਂ ਸੌਂਪੇ ਗਏ ਸਰਕਾਰੀ ਕਾਲਜ (ਪਠਾਨਕੋਟ, ਸੁਜਾਨਪੁਰ, ਫਿਲੌਰ, ਨਕੋਦਰ ਅਤੇ ਕਿਸ਼ਨਕੋਟ) ਵਿਚ ਵੀ ਸੈਸ਼ਨ 2016-17 ਤੋਂ ਵਿਦਿਆ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ ਅਤੇ ਇਹ ਨਵੇਂ ਕਾਲਜ ਵੀ ਵਿਦਿਆ ਦੇ ਵਿਸਥਾਰ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ।

ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਵਿਖੇ ਇਸ ਸਮੇਂ ਲੜਕੇ ਅਤੇ ਲੜਕੀਆਂ ਲਈ ਹੋਸਟਲ, ਲਾਇਬ੍ਰੇਰੀ ਇਮਾਰਤ ਦੀ ਰੈਨੋਵੇਸ਼ਨ, ਏਸ਼ੀਆ ਹਾਊਸ ਵਿਖੇ ਕਲਾਸ ਰੂਮਾਂ ਨੂੰ ਬਨਾਉਣ ਆਦਿ ਦੇ ਕੰਮ ਉਸਾਰੀ ਅਧੀਨ ਹਨ। ਇਸ ਤੋ ਇਲਾਵਾ University Institute of Technology (UIT) ਦੀ ਬਿਲਡਿੰਗ ਦੀ ਉਸਾਰੀ ਦਾ ਕੰਮ ਆਰੰਭਿਆ ਜਾ ਚੁੱਕਾ ਹੈ। ਇਸ ਤੋਂ ਛੁੱਟ ਯੂਨੀਵਰਸਿਟੀ ਵਿਖੇ ਮੁਲਾਂਕਣ ਸੈਂਟਰ ਦੀ ਇਮਾਰਤ, ਲੜਕੇ ਅਤੇ ਲੜਕੀਆਂ ਦੇ ਹੋਸਟਲ ਦੀ ਇਮਾਰਤ (ਐਸ.ਸੀ.) ਅਤੇ ਯੂਨੀਵਰਸਿਟੀ ਕੈਂਪਸ ਵਿਖੇ ਨਵੇਂ ਸਬ-ਸਟੇਸ਼ਨ ਨੂੰ ਸਥਾਪਤ ਕਰਨ ਦਾ ਕੰਮ ਵੀ ਆਰੰਭਿਆ ਜਾਣਾ ਹੈ।

**ਪਾਸ ਹੋਇਆ** ਕਿ ਵਿਤੀ ਸਾਲ 2017-18 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀ ਇੱਕਤਰਤਾ ਮਿਤੀ 20.2.2017 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

ਇਹ ਵੀ **ਪਾਸ ਹੋਇਆ** ਕਿ ਅੰਤਿਕਾ ਦੇ ਪੈਰਾ ਨੰ: 19 (ੳ) ਵਿਚ ਵਰਣਿਤ ਪੰਜਾਬ ਸਰਕਾਰ ਵਲੋਂ ਜਾਰੀ ਪੰਜਾਬ ਐਕਟ ਨੰ: 55 ਆਫ 2016 ਅਤੇ (ਅ) ਵਿਚ ਵਰਣਿਤ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਸਿਵਲ ਅਪੀਲ ਨੰ: 213/2013 ਦੇ ਫੈਸਲੇ ਨੂੰ ਸਿਧਾਂਤਕ ਤੌਰ 'ਤੇ ਲਾਗੂ ਕਰਨ ਲਈ ਇਕ ਕਮੇਟੀ ਦਾ ਗਠਨ ਕਰਨ ਦੇ ਅਧਿਕਾਰ ਉਪ-ਕੁਲਪਤੀ ਜੀ ਨੂੰ ਦਿੱਤੇ ਜਾਂਦੇ ਹਨ ਤੇ ਇਹ ਕਮੇਟੀ ਉਕਤ ਐਕਟ ਅਤੇ ਫੈਸਲੇ ਨੂੰ ਲਾਗੂ ਕਰਨ ਲਈ, ਇਸ ਨੂੰ ਸਾਰੇ ਪਹਿਲੂਆਂ ਤੋਂ ਆਰਥਿਕ, ਸਿਧਾਂਤਕ ਤੇ ਕਾਨੂੰਨੀ ਪੱਖਾਂ ਤੋਂ ਇਸ ਦੀ ਘੋਖ ਪੜਤਾਲ ਕਰਕੇ ਉਪ-ਕੁਲਪਤੀ ਜੀ ਨੂੰ ਆਪਣੀ ਰਿਪੋਰਟ ਪੇਸ਼ ਕਰੇਗੀ।

**ਸ਼੍ਰੀ ਵਰਿੰਦਰ ਪਾਲ ਸ਼ਰਮਾ, ਸਾਬਕਾ ਵਿੱਤ ਤੇ ਵਿਕਾਸ ਅਫਸਰ ਵੱਲੋਂ ਪ੍ਰਾਪਤ ਲੀਗਲ ਨੋਟਿਸ ਮਿਤੀ 17.3.2017 'ਤੇ ਵਿਚਾਰ।**

70. ਸਿੰਡੀਕੇਟ ਦੀ ਇੱਕਤਰਤਾ ਮਿਤੀ 14.12.2016 ਦੇ ਪੈਰਾ ਨੰ: 72(ਅ) ਰਾਹੀਂ ਹੋਏ ਆਦੇਸ਼, ਜੋ ਕਿ ਸ਼੍ਰੀ ਵਰਿੰਦਰ ਪਾਲ ਸ਼ਰਮਾ, ਸਾਬਕਾ ਵਿੱਤ ਤੇ ਵਿਕਾਸ ਅਫਸਰ ਨੂੰ ਕੀਤੀਆਂ ਅਦਾਇਗੀਆਂ ਦੀ ਰਿਕਵਰੀ ਨਾਲ ਸਬੰਧਤ ਸਨ, ਵੱਲੋਂ ਪ੍ਰਾਪਤ ਲੀਗਲ ਨੋਟਿਸ ਮਿਤੀ 17.3.2017 (**ਅੰਤਿਕਾ** ਅਨੁਸਾਰ) 'ਤੇ ਵਿਚਾਰ ਹੋਈ।

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਉਕਤ ਕੇਸ ਸਬੰਧੀ ਯੂਨੀਵਰਸਿਟੀ ਸਟੈਂਡਿੰਗ ਕੌਂਸਲ ਤੋਂ ਕਾਨੂੰਨੀ ਰਾਏ ਲਈ ਜਾਵੇ।

**ਸ੍ਰ. ਤਜਿੰਦਰ ਸਿੰਘ ਅਰੋੜਾ, ਐਡਵੋਕੇਟ ਦੀ ਬਤੌਰ ਸਰਵਿਸ ਟੈਕਸ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਵਾਧਾ।**

71. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਰਵਿਸ ਟੈਕਸ ਨਾਲ ਸਬੰਧਤ ਕੰਮ ਕਾਫੀ ਵੱਧ ਜਾਣ ਕਰਕੇ, ਸ੍ਰ. ਤਜਿੰਦਰ ਸਿੰਘ ਅਰੋੜਾ, ਐਡਵੋਕੇਟ, ਜਿਨ੍ਹਾਂ ਤੋਂ ਪਿਛਲੇ ਕਈ ਸਾਲਾਂ ਤੋਂ ਸਰਵਿਸ ਟੈਕਸ ਦੇ ਮਾਮਲਿਆਂ ਵਿਚ ਵੱਡਮੁੱਲੀ ਰਾਇ ਲਈ ਜਾਂਦੀ ਰਹੀ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2017 ਤੋਂ 31.3.2018 ਤੱਕ ਯੂਨੀਵਰਸਿਟੀ ਵਿਖੇ ਬਤੌਰ ਸਰਵਿਸ ਟੈਕਸ ਸਲਾਹਕਾਰ ਵਜੋਂ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਜਾਂਦਾ ਹੈ।

**ਅਧਿਆਪਕਾਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪਣ ਸਬੰਧੀ।**

72. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਅਧਿਆਪਕਾਂ ਨੂੰ, ਮਿਤੀ 1.4.2017 ਤੋਂ ਅਗਲੇ ਆਦੇਸ਼ਾਂ ਤੱਕ, ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਜਾਂਦੀਆਂ ਹਨ।

**ਵੱਖ-ਵੱਖ ਕਮੇਟੀਆਂ/ ਬੋਰਡ ਸੰਗਠਿਤ ਕਰਨ**

73. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 1.4.2017 ਤੋਂ ਅਗਲੇ ਆਦੇਸ਼ਾਂ ਤੱਕ, **ਅੰਤਿਕਾ**

**ਸਬੰਧੀ।**

ਵਿਚ ਦਰਸਾਏ ਵੇਰਵੇ ਅਨੁਸਾਰ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕੀਤੀਆਂ ਜਾਂਦੀਆਂ ਹਨ।

**To consider to allow the consideration of Dr. Bimaldeep Singh, Assistant Professor (Stage-2), Department of Laws, University main campus, Amritsar, for promotion from Assistant Professor (Stage-2) to Assistant Professor (Stage-3)**

74. Considered the case of Dr. Bimaldeep Singh, Assistant Professor (Stage-2), Department of Laws, University main campus, Amritsar, for allowing his consideration for promotion from Assistant Professor (Stage-2) to Assistant Professor (Stage-3) in the Department of Laws, by taking the date of his eligibility for the same with effect from 4-9-2009, which is the date from which he is now claiming as per his present application dated 27-2-2017 (**Appendix-1**), under the Career Advancement Scheme (CAS) of the UGC Regulations, 2010, by counting his past service as Lecturer (Sr. Scale) from 4-9-2004 to 20-4-2006 in Panjab University, Chandigarh, and remaining of the 5 years requisite service as Lecturer (Sr. Scale) from 21-4-2006 upto 3-9-2009 in this University, as per the observations and directions of the Hon'ble High Court made in its interim order dated 13-2-2017 (**Appendix-2**) passed in his pending Appeal –[ L.P.A.No**.** 261 of 2015] in compliance of which he has submitted his said present application dated 27-2-2017 (**Appendix-1**), by acting upon the legal opinion dated 7-3-2017 (**Appendix-3**) of the University Standing Counsel, and in relaxation of the condition of minimum 4 years service as Lecturer (Sr. Scale) in this University as laid down in the Syndicate decision taken under the UGC Regulations of 2000, vide para 56 of its meeting dated 2-9-2008 (**Appendix-4)** approving recommendations dated 28-8-2008 (**Appendix-5**) of its Committee, and thereafter for processing his said case for such consideration accordingly as per the applicable UGC Regulations and Rules. Also perused the following office notes:

Note 1: The Hon'ble High Court ( Division Bench ) vide its interim order dated 13-2-2017 (Appendix-2) passed in his pending Appeal –[L.P.A. No**.** 261 of 2015=(Dr. Bimaldeep Singh Vs. State of Punjab & Others) ] has observed to the effect that he having been granted Lecturer (Sr. Scale) from 4-9-2004 under CAS of UGC Regulations, 2000, by his previous employer (Panjab University, Chandigarh) when he was under its service as a Lecturer, and though he was granted Lecturer (Sr. Scale) by this University by way of promotion under CAS of the UGC Regulations, 2000, from the date of his initial direct appointment in this University w.e.f. 21-4-2006 as a Lecturer, yet he having completed 5 years service as a Lecturer (Sr. Scale) on 4-9-2009, from 4-9-2004, so he became eligible for further promotion w.e.f. 4-9-2009, under CAS of the UGC

Regulations, 2000, and since this date of eligibility w.e.f. 4-9-2009 fell beyond 31-12-2008, so under clause 1.3 of the UGC Regulations, 2010, his claim for further promotion from Lecturer (Sr. Scale) will have to be considered under the 2010 Regulations and not under the 2000 Regulations of UGC. Under the current UGC Regulations, 2010, a Lecturer (Sr. Scale) is now equivalent to Assistant Professor (Stage-2) and the further promotion under CAS from Assistant Professor (Stage-2) is to Assistant Professor (Stage-3) for which his date of eligibility for consideration has thus been determined by the Hon'ble High Court w.e.f.4-9-2009. It is in the backdrop of its these observations in substance that the Hon'ble High Court has directed as follows:-

> " Let the appellant formally apply for such promotion under CAS in accordance with 2010 Regulations within two weeks whereupon the respondent-University is directed to consider and pass appropriate order in the light of the observations made above and produce the order on the next date of hearing."

Note: 2. The Syndicate vide para 56 of its meeting dated 2-9-2008 (**Appendix-4**) had approved the recommendations dated 28-8-2008 (**Appendix-5**) of its Committee for counting past service of teachers rendered under the previous employers, requiring minimum 4 years service as Lecturer (Sr. Scale ) in this University for promotions from Lecturer to Reader under CAS of the UGC Regulations, 2000, which are as reproduced below:-

> "2. But while counting the previous service for the grant of promotion to Lecturers as Reader under the Career Advancement Scheme, at least 4 years service in the University should be essential. "

After discussion,

**RESOLVED :**

**1.** That **the consideration** of the case of Dr. Bimaldeep Singh, Assistant Professor (Stage-2), Department of Laws, University main campus, Amritsar, for promotion from Assistant

Professor (Stage-2) to Assistant Professor (Stage-3) in the Department of Laws, by taking the date of his eligibility for the same with effect from 4-9-2009, which is the date from which he is now claiming as per his present application dated 27-2-2017 (**Appendix-1**), under the Career Advancement Scheme (CAS) of the UGC Regulations, 2010, by counting his past service as Lecturer (Sr. Scale) from 4-9-2004 to 20-4-2006 in Panjab University, Chandigarh, and remaining of the 5 years requisite service as Lecturer (Sr. Scale) from 21-4-2006 upto 3-9-2009 in this University, as per the aforesaid observations and directions of the Hon'ble High Court made in its interim order dated 13-2-2017 (**Appendix-2**) passed in his pending Appeal–[L.P.A.No. 261 of 2015], in compliance of which he has submitted his said present application dated 27-2-2017 (Appendix-1), **is hereby allowed** in relaxation of the condition of minimum 4 years service as Lecturer (Sr. Scale ) in this University as laid down in the Syndicate decision taken under the UGC Regulations of 2000, vide para 56 of its meeting dated 2-9-2008 (**Appendix-4**) approving recommendations dated 28-8-2008 (**Appendix-5**) of its Committee, without making it a binding precedent for any such future case in the University.

2. Further **RESOLVED** that accordingly his aforesaid case may be processed upon his said present application dated 27-2-2017 (**Appendix-1**) for such consideration for promotion by selection from Assistant Professor (Stage-2) to Assistant Professor (Stage-3) under CAS as per the applicable UGC Regulations, by following the requisite procedure and Rules. Necessary office order be issued conveying this decision to him and also for its production before the Hon'ble High Court in compliance of its aforecited interim order dated 13-2-2017 ( **Appendix-2** ).

**ਸਬੰਧਤ ਅਧਿਆਪਕ ਨੂੰ ਵਿਦੇਸ਼ ਜਾਣ ਲਈ ਕਮਾਈ ਛੁੱਟੀ ਦੀ ਪ੍ਰਵਾਨਗੀ।**

75. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕ ਨੂੰ, ਉਸ ਦੇ ਨਾਮ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਵਿਦੇਸ਼ ਜਾਣ ਲਈ ਕਮਾਈ ਛੁੱਟੀ ਪ੍ਰਵਾਨ ਕੀਤੀ ਜਾਂਦੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਵਿਭਾਗ | ਵੇਰਵਾ | ਛੁੱਟੀ ਦੀ ਮਿਤੀ |
|---|---|---|---|
| 1. | Dr. Amarjeet Kaur, Asstt. Prof., Deptt. of Microbiology. | To Visit Singapore | P.Leave from 20.3.2017 to 22.3.2017=03 days. |

**ਪਾਰਟ ਟਾਈਮ ਲੈਕਚਰ ਬੇਸਿਜ਼ ਨਿਯੁਕਤੀਆਂ ਸਬੰਧੀ।**

76. ਸਿੰਡੀਕੇਟ ਨੇ **ਨੋਟ ਕੀਤਾ** ਕਿ ਉਪ-ਕੁਲਪਤੀ ਸਾਹਿਬ ਨੇ ਯੂਨੀਵਰਸਿਟੀ ਕੈਂਪਸ, ਰਿਜਨਲ ਕੈਂਪਸਜ਼, ਯੂਨੀਵਰਸਿਟੀ ਕਾਲਜਾਂ ਅਤੇ ਕਾਂਸਟੀਚੂਐਂਟ ਕਾਲਜਾਂ

ਵਿਖੇ ਸੈਸ਼ਨ 2016-17 ਲਈ **ਅੰਤਿਕਾ** ਵਿਚ ਦਰਸਾਏ ਵੇਰਵੇ ਅਨੁਸਾਰ ਵਿਅਕਤੀਆਂ ਨੂੰ ਪਾਰਟ-ਟਾਈਮ ਲੈਕਚਰ ਬੇਸਿਜ਼ 'ਤੇ ਨਿਯੁਕਤ ਕੀਤਾ ਹੈ।

ਏਜੰਡਾ ਖਤਮ ਹੋਣ ਉਪਰੰਤ ਇੱਕਤਰਤਾ ਵਿਚ ਸਮੂਹ ਮੈਂਬਰ ਸਾਹਿਬਾਨ ਵੱਲੋਂ ਇਕ ਮਤਾ ਪਾਸ ਕੀਤਾ ਗਿਆ ਜਿਸ ਵਿਚ ਉਪ-ਕੁਲਪਤੀ ਸਾਹਿਬ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਉਨ੍ਹਾਂ ਵੱਲੋਂ ਯੂਨੀਵਰਸਿਟੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਅਤੇ ਇਸਦੇ ਹਰ ਪੱਖੋਂ ਕੀਤੇ ਵਿਕਾਸ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

ਡਾ. ਅਮਰਜੀਤ ਸਿੰਘ ਸਿੱਧੂ ਵਲੋਂ ਦੱਸਿਆ ਗਿਆ ਕਿ ਉਪ-ਕੁਲਪਤੀ ਸਾਹਿਬ ਨੇ ਸਾਲ 2009 ਵਿਚ ਜਿਸ ਵਚਨਬੱਧਤਾ ਨਾਲ ਯੂਨੀਵਰਸਿਟੀ ਜੁਆਇੰਨ ਕੀਤੀ ਸੀ, ਉਹ ਉਨ੍ਹਾਂ ਨੇ ਪੂਰੀ ਤਰ੍ਹਾਂ ਨਿਭਾਈ ਹੈ, ਉਨ੍ਹਾਂ ਦੇ ਕਾਰਜਕਾਲ ਦੌਰਾਨ ਅਨੇਕਾਂ ਹੀ ਬਿਲਡਿੰਗਾਂ ਜਿਵੇਂ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਯੂਨੀਵਰਸਿਟੀ ਬਿਜ਼ਨੈਸ ਸਕੂਲ, ਸਪੋਰਟਸ ਹੋਸਟਲ, ਫੂਡ ਕੋਰਟ ਅਤੇ ਕਾਮਨ ਫੂਡ ਕੋਰਟ ਆਦਿ ਉਸਾਰੀਆਂ ਗਈਆਂ ਅਤੇ ਯੂਨੀਵਰਸਿਟੀ ਨੇ ਸਪੋਰਟਸ ਤੇ ਅਕਾਦਮਿਕ ਖੇਤਰਾਂ ਵਿਚ ਵੀ ਵਿਸ਼ੇਸ਼ ਉਪਲਬਧੀਆਂ ਹਾਸਲ ਕੀਤੀਆਂ ਹਨ। ਉਨ੍ਹਾਂ ਦੇ ਕਾਰਜਕਾਲ ਵਿਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕੰਪਨੀਆਂ ਵਿਚ ਨੌਕਰੀਆਂ ਹਾਸਲ ਕਰਨ ਦੀ ਦਰ ਵਿਚ ਵੀ ਵਾਧਾ ਹੋਇਆ ਹੈ।

ਰਜਿਸਟਰਾਰ ਸਾਹਿਬ ਨੇ ਉਪ-ਕੁਲਪਤੀ ਜੀ ਵੱਲੋਂ ਯੂਨੀਵਰਸਿਟੀ ਲਈ ਦਿੱਤੀਆਂ ਸੇਵਾਵਾਂ ਲਈ, ਉਨ੍ਹਾਂ ਦਾ ਧੰਨਵਾਦ ਕੀਤਾ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਕਰਨਜੀਤ ਸਿੰਘ ਕਾਹਲੋਂ)
ਰਜਿਸਟਰਾਰ

ਪੱਕੀ ਕੀਤੀ ਗਈ

(ਅ.ਸ. ਬਰਾੜ)
ਉਪ-ਕੁਲਪਤੀ